
# ਅੰਮ੍ਰਿਤ ਕੀਰਤਨ

**Posting Date**
01 ਦਸੰਬਰ 2015

## ਦਸੰਬਰ 2015





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਸੋਮਵਾਰ (ਇੱਕ ਮਿੱਠੀ ਯਾਦ)

ਸੋਮਵਾਰ ਸੁੰਦਰ ਜਦੋਂ ਦੇਖਦਾ ਹਾਂ,
ਖੁੱਲ੍ਹੇ ਬੋਲ ਤੇ ਸੋਹਣੇ ਵਿਚਾਰ ਤੇਰੇ।
ਜਵਾਨੀ ਵਿੱਚ ਭੀ ਪਾਠ ਨਿੱਤ-ਨੇਮ ਕੀਤਾ,
ਬੀਤੀ ਉਮਰਾਂ ਸਿਮਰਨ ਕਰਤਾਰ ਤੇਰੇ।
ਹਿੰਦੂ ਸਿੱਖ ਇਸਾਈ ਦਾ ਭੇਦ ਨਾਹੀਂ,
ਨਾਲ ਸਭਨਾਂ ਦੇ ਇਕੋ ਪਿਆਰ ਤੇਰੇ।
ਲੋੜਵੰਦ ਦੀ ਲੋੜ ਨੂੰ ਕਰੇਂ ਪੂਰਾ,
ਸਭਨਾਂ ਦੇਖਿਆ ਚਿੱਤ ਉਦਾਰ ਤੇਰੇ।
ਸਾਦਾ ਪਹਿਨਣਾ ਤੇ ਸਾਦਾ ਖਾਣ ਰਖਿਆ,
ਭੈਣ ਭਾਈਆਂ ਵਾਂਗ ਗੁਫ਼ਤਾਰ ਤੇਰੇ।
ਪ੍ਰਾਤਾ ਕਾਲ ਸਵੇਰ ਨੂੰ ਉਠਣਾ ਏ,
ਹੋਵੇ ਸੁੱਖ ਤੇ ਭਾਵੇਂ ਬੁਖ਼ਾਰ ਤੇਰੇ।
ਜਲ ਨਾਲ ਠੰਢੇ ਇਸ਼ਨਾਨ ਕਰਨਾ,
ਸਰਦ ਰੁੱਤ ਦੇ ਭਾਵੇਂ ਹੁਨਾਲ ਤੇਰੇ।
ਬਾਣੀ ਪੜ੍ਹਦਆਂ ਹੀ ਕੰਮ ਕਰੀ ਜਾਣਾ,
ਮਗਰੋਂ ਸਿਰਮਨਾ ਭਜਨ ਕਰਤਾਰ ਤੇਰੇ।
ਫਿਰ ਗੁਰਦੁਆਰੇ ਨੇਮ ਨਾਲ ਜਾਣਾ,
ਤੁਰਦੇ ਜਾਂਦਿਆ ਪਾਠ ਵਿਚਾਰ ਤੇਰੇ।
ਗੁਰਦੁਆਰੇ ਪੁੱਜ ਆਪ ਅਰਦਾਸ ਕਰਨੀ,
ਜੁੜਨਾ ਕੀਰਤਨ ਰਸ ਇਕ ਤਾਰ ਤੇਰੇ,
ਘਰ ਮੁੜਦਿਆਂ ਰਾਹ ਵਿੱਚ ਪਾਠ ਕਰਨਾ,
ਕਰਨੀ ਚਾਹ ਫਿਰ ਆਪ ਤਿਆਰ ਤੇਰੇ।
ਮਗਰੋਂ ਪਾਠ ਸੁਖਮਨੀ ਦਾ ਕਰਨ ਬਹਿਣਾ।
ਫੱਬ ਜਾਵਣਾਂ ਰੰਗ ਵਿੱਚ ਪਿਆਰ ਤੇਰੇ।
ਫਿਰ ਗ੍ਰਹੱਸਥ ਧੰਦਿਆਂ ਵਿੱਚ ਲੱਗ ਜਾਣਾ,
ਐਹ ਔਹ ਗ੍ਰਸਤੀਆਂ ਦੇ ਸਨ ਕਾਰ ਤੇਰੇ।
ਹੱਥਾਂ ਨਾਲ ਸ਼ਾਮੀ ਕੰਮ ਕਾਰ ਕਰਨਾ,
ਮੁੱਖੋਂ ਪਾਠ ਰਹਿਰਾਸ ਵਿਸਥਾਰ ਤੇਰੇ।
ਬਾਲ ਬੱਚਿਆਂ ਖਿਲਾਏ ਪਿਲਾਏ ਕੇ ਤੇ,
ਵਿਹਲੇ ਹੋਕੇ ਨਾਲ ਪਰਿਵਾਰ ਤੇਰੇ।
ਪਾਠ ਸੋਹਿਲਾ ਕਰਕੇ ਸੋਇ ਜਾਣਾ,
ਸੰਤੋਖ ਧੰਨ ਨੇ ਦਰਸ ਦੀਦਾਰ ਤੇਰੇ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
ਫੋਨ : 0172-2216283, 98150-72197ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਇਸ ਅੰਕ ਵਿਚ

ਸੰਪਾਦਕੀ:

**ਮਿਤ੍ਰ ਅਸਾਡੜੇ ਸੇਈ** 4

**ਦਰਦ ਚਲਾ ਜਾਂਦਾ ਹੈ ਪਰ ਖੁਸ਼ੀ ਰਹਿ ਜਾਂਦੀ ਹੈ** 5

**ਗੁਰਮਤਿ ਸੰਗੀਤ ਵਿਚ ਰਾਗ ਮਲਾਰ** 6
*ਗੁਰਨਾਮ ਸਿੰਘ (ਡਾ.)

**ਗੁਰਮਤਿ ਸੰਗੀਤ ਦੀ ਲੋਕ ਗਾਇਨ ਪਰੰਪਰਾ** 9
ਡਾ. ਹਰਜਸ ਕੌਰ

ਭਗਤ ਨਾਮਦੇਵ ਬਾਣੀ ਦਾ ਸ਼ਿਲਪ ਵਿਧਾਨ 14

ਡਾ. ਜਸਕਿਰਨ ਕੌਰ

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

ਭਾਈ ਗੁਰਮੀਤ ਸਿੰਘ ਜੋਸ਼ 16

**RAGAS FOR LATE WINTER**
Ustad A. Rashid Khan 21

ਸੁਰ ਲਿਪੀ

## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਂਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**
Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

# ✉ ਮਿਤ੍ਰ ਅਸਾਡੜੇ ਸੇਈ

ਨਵੰਬਰ 2015 ਦਾ ਅੰਮ੍ਰਿਤ ਕੀਰਤਨ ਪ੍ਰਾਪਤ ਹੋਇਆ ਇਸ ਡਾਕਟਰ ਗੁਰਨਾਮ ਸਿੰਘ ਵੱਲੋਂ ਰਾਗ ਭੈਰਉ ਅਤੇ ਸਾਰੰਗ ਬਾਰੇ ਦਿੱਤੀ ਜਾਣਕਾਰੀ ਵਡਮੁਲੀ ਸੀ। ਪ੍ਰੋਫੈਸਰ ਕਰਤਾਰ ਸਿੰਘ ਜੀ ਦਾ ਜੀਵਨ ਪ੍ਰੇਰਨਾਦਾਇਕ ਹੈ।

---ਪ੍ਰੋਫੈਸਰ ਐਮ, ਐਸ ਸਚਦੇਵਾ ਮਲੌਟ

ਨਵੰਬਰ ਦੇ ਅੰਮ੍ਰਿਤ ਕੀਰਤਨ ਹਮੇਸ਼ਾ ਵਾਂਗ ਹੀ ਕਵੀ ਸੰਤ ਸੰਤੋਖ ਸਿੰਘ ਜੀ ਦੀ ਕਵਿਤਾ ਦਿਲ ਨੂੰ ਟੁੰਬਣ ਵਾਲੀ ਸੀ। ਕਾਹੇ ਕੋ ਡੋਲਤ ਹੈ- ਜਿਥੇ ਗੁਰਬਾਣੀ ਦਾ ਦ੍ਰਿੜ ਕਰਾਉਂਦਾ ਹੈ ਉਥੇ ਕੀਰਤਨੀਆਂ ਨੂੰ ਪ੍ਰਮਾਣ ਦੇਣ ਦਾ ਤਰੀਕਾ ਵੀਰ ਦਸਦਾ ਹੈ। ਪ੍ਰੋਫੈਸਰ ਕਰਤਾਰ ਸਿੰਘ ਜੀ ਦੀ ਧੰਨਤਾਯੋਗ ਹਨ।

---ਪ੍ਰੋਫੈਸਰ ਮੰਗਤ ਸਿੰਘ ਮਸਤਾਨਾ ਮਲੋਟ

ਅਕਤੂਬਰ-2015 ਦਾ ਅ੍ਰਮਿਤ ਕੀਰਤਨ ਮੈਨੂੰ ਮਿਲ ਗਿਆ ਹੈ। ਇਸ ਵਾਰ ਪਾਠਕਾਂ ਦੇ ਪੱਤਰ ਨਹੀਂ ਛਾਪੇ ਗਏ, ਕੀ ਕਾਰਣ ਹੈ? ਡਾ. ਜਗੀਰ ਸਿੰਘ ਵੱਲੋਂ ਕਰੋ ਬੇਨੰਤੀਆਂ ਕਾਲਮ ਵਿੱਚ ਸਰੋਵਰ ਅਤੇ ਮੁਰਗਾਬੀਆਂ ਵਿਚਾਰ ਬਹੁਤ ਪਸੰਤ ਆਈ। ਡਾ. ਸਰਬਜੀਤ ਸਿੰਘ ਦੀ ਰਚਨਾ ਡਾ. ਜਸਵੰਤ ਸਿੰਘ ਨੇਕੀ ਬਾਰੇ ਬੇਹੱਦ ਪਸੰਦ ਆਈ ਇਸ ਵਿੱਚੋਂ ਸਿੱਖਣ ਨੂੰ ਬਹੁਤ ਕੁੱਝ ਮਿਲਿਆ।ਡਾ. ਹਰਜਸ ਕੌਰ ਦੀ ਰਚਨਾ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ ਰਚਨਾ ਮਹੱਤਵਪੂਰਨ ਸੀ। ਭਾਈ ਗੁਰਮੀਤ ਸਿੰਘ ਜੋਸ਼ ਦੀ ਰਚਨਾ ਭਾਈ ਕਰਮ ਸਿੰਘ ਜੀ ਬਾਰੇ ਬੇਹੱਦ ਪਸੰਦ ਆਈ। ਡਾ. ਜਸਕਿਰਨ ਕੌਰ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਇੱਕ ਅਧਿਐਨ ਬਹੁਤ ਵਧੀਆ ਸੀ। ਅਵਤਾਰ ਸਿੰਘ ਗੁਰਚਰਨ ਸਿੰਘ ਵੱਲੋਂ ਛਾਪੀ ਗਈ ਸੁਰਲਿਪੀ ਰਾਗ ਟੋਡੀ ਵਿੱਚ ਸੀ ਅਤੇ ਸੁਰਲਿਪੀ ਵਾਲੇ ਸ਼ਬਦ ਦੇ ਅਰਥ ਬਹੁਤ ਪਸੰਦ ਆਏ।

---ਸੰਤ ਮੁਕੰਦ ਸਿੰਘ ਜੀ

**सतकार योग डा. जगीर सिंह जी, सत सिरी अकाल। आप जी अगे वेनती है कि अज ही अमृत कीर्तन पत्रका द माह अकतूबर दा पहिला अंक मिलिआ, सारे गिले शिकवे जिवें दूर हो गए। इंज लगा मानो चकवे नूं अमृत दी इक बूंद मिल गई होवे, बरखा रुत दे सुहाणे मौसम ने सभ जगा हरिआली कर दित्ती होवे। दास आप जी दा अंत धनवादी है।**

----- BHAGENDER SINGH, JOGINDER NAGAR

# ਕਰਉ ਬੇਨੰਤੀਆ

## ਦਰਦ ਚਲਾ ਜਾਂਦਾ ਹੈ ਪਰ ਖੁਸ਼ੀ ਰਹਿ ਜਾਂਦੀ ਹੈ

ਪਿਛਲਾ ਕੁਝ ਸਮਾਂ ਪਿੱਠ ਦਰਦ ਕਾਰਨ ਘਰ ਵਿੱਚ ਹੀ ਰਹਿਣਾ ਪਿਆ। ਕੀਰਤਨੀ ਗਤੀਵਿਧੀਆਂ ਡਾਕਟਰ ਦੀ ਹਦਾਇਤ ਅਨੁਸਾਰ ਬੰਦ ਕਰ ਦਿੱਤੀਆਂ ਗਈਆਂ ਹਨ। ਮਨ ਵਿੱਚ ਅਫਸੋਸ ਹੁੰਦਾ ਹੈ। ਡਾਕਟਰ ਕਹਿੰਦਾ ਹੈ ਕਿ ਇਹ ਤਾਂ ਉਮਰ ਦਾ ਤਕਾਜ਼ਾ ਹੈ। ਸਰਕਾਰ ਵੀ ਇਸ ਉਮਰ ਵਿੱਚ ਰਿਟਾਇਰ ਕਰ ਦਿੰਦੀ ਹੈ ਤੇ ਮੈਂ ਹੁਣ ਤਕ ਆਪ ਨੂੰ-------। ਖੈਰ ਅੱਜ ਕਲ੍ਹ ਬਹੁਤਾ ਸਮਾਂ ਪ੍ਰੇਰਨਾਦਾਇਕ ਸਾਹਿਤ ਪੜ੍ਹਨ ਅਤੇ ਮੁਬਾਇਲ ਰਾਹੀਂ ਸੰਗਤਾਂ ਨੂੰ ਆਪਣਾ ਕੀਰਤਨ ਸੁਣਾਉਣ ਵਿੱਚ ਗੁਜ਼ਾਰਦਾ ਹਾਂ। ਅੰਗਰੇਜ਼ੀ ਲੇਖਕ ਜ਼ਿਗ ਜ਼ਿਗਲਰ ਦੀ ਪੁਸਤਕ--- ਸੀ ਯੂ ਐਟ ਦੀ ਟੌਪ---ਪੜ੍ਹ ਰਿਹਾ ਹਾਂ। ਇਸ ਦਾ ਹਿੰਦੀ ਵਿੱਚ ਅਨੁਵਾਦਿਤ ਨਾਮ ਹੈ- ਸ਼ਿਖਰ ਪਰ ਮਿਲੇਂਗੇ--ਇਸ ਪੁਸਤਕ ਵਿੱਚ ਉਸ ਨੇ ਕਈ ਵਿਅਕਤੀਆਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਨੇ ਦਰਦਾਂ ਸਮੇਂ ਵੀ ਆਪਣੇ ਮਨ ਪਸੰਦ ਕਾਰਜ ਨੂੰ ਛੱਡਿਆ ਨਹੀਂ---ਪੁਰਾਣੇ ਸਮੇਂ ਦੇ ਮਹਾਨ ਫਰਾਂਸਿਸੀ ਚਿਤਰਕਾਰ ਆਗਸਤ ਰੇਨੁਆ, ਨੂੰ ਗਠੀਆ ਰੋਗ ਹੋ ਗਿਆ ਸੀ। ਇਸ ਕਾਰਨ ਉਸ ਦੇ ਹੱਥ ਮੁੜ ਗਏ ਸਨ ਅਤੇ ਉਂਗਲਾਂ ਵਿੱਚ ਜਕੜਨ ਆ ਗਈ ਸੀ।ਉਸਦੇ ਕਲਾਕਾਰ ਮਿੱਤਰ ਹੈਨਰੀ ਮੇਟਿਸ ਨੇ ਰੇਨੁਆ ਨੂੰ ਆਪਣੀਆ ਉਂਗਲਾਂ ਵਿੱਚ ਬੁਰਸ਼ ਫੜ ਕੇ ਪੇਂਟਿੰਗ ਕਰਦਿਆਂ ਵੇਖਿਆ। ਹਾਂਲਾਂਕਿ ਬੁਰਸ਼ ਦੀ ਹਰ ਹਰਕਤ ਨਾਲ ਉਸ ਨੂੰ ਬਹੁਤ ਦਰਦ ਹੋ ਰਿਹਾ ਸੀ। ਜਦੋਂ ਮੈਟਿਸ ਨੇ ਉਸ ਨੂੰ ਪੁਛਿਆ ਕਿ ਉਹ ਇਤਨੇ ਦਰਦ ਦੇ ਬਾਵਜੂਦ ਵੀ ਕਿਉਂ ਪੇਂਟਿੰਗ ਕਰ ਰਿਹਾ ਹੈ ਤਾਂ ਰੇਨੁਆ ਦਾ ਉੱਤਰ ਸੀ--- ਦਰਦ ਤਾਂ ਗੁਜ਼ਰ ਜਾਂਦਾ ਹੈ ਪਰ ਖੂਬਸੂਰਤੀ ਅਤੇ ਖੁਸ਼ੀ ਰਹਿ ਜਾਂਦੀ ਹੈ। ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਦਿੱਤੀਆ ਗਈਆਂ ਹਨ। ਕੋਈ ਹੀਰੇ ਦੀ ਮਿਸਾਲ ਦਿੰਦਾ ਹੈ ਕਿ ਕੋਇਲਾ ਹੀ ਅਤਿ ਦੀ ਗਰਮੀ ਸਹਿ ਕੇ ਹੀਰਾ ਬਣਦਾ ਹੈ।ਉਸ ਨੂੰ ਕੱਟਿਆ ਜਾਂਦਾ ਹੈ, ਤਰਾਸ਼ਿਆ ਜਾਂਦਾ ਹੈ ਤਾਂ ਹੀ ਉਹ ਚਮਕਦਾਰ ਹੀਰਾ ਬਣ ਸਕਦਾ ਹੈ। ਮੂਰਤੀ ਦਾ ਪੱਥਰ ਕਈ ਵਾਰੀ ਕਟਿਆ ਜਾਂਦਾ ਹੈ, ਛੈਣੀ ਦੇ ਕਈ ਵਾਰ ਸਹਿੰਦਾ ਹੈ ਤਾਂ ਹੀ ਉਹ ਪੂਜਣ ਯੋਗ ਮੂਰਤੀ ਬਣਦਾ ਹੈ। ਮਹਿੰਦੀ ਵੀ ਰੰਗੀਨ ਬਣਨ ਲਈ ਪੀਸੀ ਜਾਂਦੀ ਹੈ।ਦਰਦ ਨਾਲ ਸ਼ਿੰਗਾਰੀ ਇਕ ਹੋਰ ਵਾਰਤਾ ਹੈ। ਇੱਕ ਦੌੜਾਕ ਦੁਨੀਆਂ ਦੀ ਪ੍ਰਸਿੱਧ ਦੌੜ ਮੈਰਾਥਨ ਵਿੱਚ ਹਿੱਸਾ ਲੈ ਰਿਹਾ ਸੀ। ਆਖਰੀ ਪੜ੍ਹਾਅ ਤੇ ਆ ਕੇ ਉਸ ਦੀਆਂ ਲੱਤਾਂ ਵਿੱਚ ਦਰਦ ਹੋਣਾ ਸ਼ੁਰੂ ਹੋ ਗਿਆ ਤੇ ਉਹ ਡਿੱਗ ਗਿਆ। ਬਾਕੀ ਸਾਰੇ ਦੌੜਾਕ ਉਸਤੋਂ ਅੱਗੇ ਨਿਕਲ ਗਏ। ਪਰ ਉਹ ਦੌੜਾਕ ਉਠਿਆ ਤੇ ਦਰਦ ਨਾਲ ਕਰਾਹੁੰਦਾ ਹੋਇਆ ਵੀ ਦੌੜਦਾ ਰਿਹਾ ਤੇ ਇਸੇ ਤਰ੍ਹਾਂ ਉਸ ਨੇ ਦੌੜ ਪੂਰੀ ਕੀਤੀ।ਜਦੋਂ ਉਸਨੂੰ ਪੁਛਿਆ ਕਿ ਉਹ ਮੁਕਾਬਲਾ ਤਾਂ ਹਾਰ ਚੁਕਾ ਸੀ ਫਿਰ ਇਤਨਾ ਦਰਦ ਸਹਿ ਕੇ ਉਸ ਨੇ ਦੌੜ ਪੂਰੀ ਕਿਉਂ ਕੀਤੀ। ਉਸ ਦਾ ਉੱਤਰ ਸੀ ਕਿ ਉਹ ਮੁਕਾਬਲਾ ਜਿੱਤਣ ਲਈ ਦੌੜ ਨਹੀਂ ਸੀ ਲਗਾ ਰਿਹਾ ਸਗੋਂ ਇਹ ਦੌੜ ਪੂਰੀ ਕਰਨਾ ਹੀ ਉਸ ਦਾ ਮਨੋਰਥ ਸੀ। ਇਹ ਮਕਸਦ ਪੂਰਾ ਕਰਕੇ ਉਸ ਨੂੰ ਖੁਸ਼ੀ ਮਿਲੀ ਹੈ। ਦਰਦ ਤਾਂ ਚਲਾ ਜਾਵੇਗਾ ਪਰ ਖੁਸ਼ੀ ਰਹਿ ਜਾਵੇਗੀ। ਆਓ ਜਿੱਤਣ ਹਾਰਨ ਦੇ ਚੱਕਰ ਵਿੱਚੋਂ ਨਿਕਲੀਏ, ਆਪਣੀ ਹੀ ਮੰਜ਼ਲ ਤੈਅ ਕਰੀਏ ਤੇ ਫਿਰ ਉਸ ਨੂੰ ਪ੍ਰਾਪਤ ਕਰਨ ਲਈ ਜਤਨ ਕਰੀਏ...... ਦਰਦ ਸਹਿਣ ਕਰ ਲਈਏ ....... ਦਰਦ ਚਲਾ ਜਾਂਦਾ ਹੈ ਪਰ ਖੁਸ਼ੀ ਰਹਿ ਜਾਂਦੀ ਹੈ।

# ਗੁਰਮਤਿ ਸੰਗੀਤ ਵਿਚ ਰਾਗ ਮਲਾਰ

*ਗੁਰਨਾਮ ਸਿੰਘ (ਡਾ.)

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਮਲਾਰ ਅਤਿਅੰਤ ਪ੍ਰਚਲਿਤ ਰਾਗ ਹੈ। ਸੰਗੀਤ ਜਗਤ ਵਿਚ ਹੀ ਨਹੀਂ ਇਹ ਜਨ ਸਾਧਾਰਨ ਵਿਚ ਵੀ ਓਨਾ ਹੀ ਪ੍ਰਸਿੱਧ ਹੈ। ਇਹ ਇਕ ਰਿਤੁਕਾਲੀਨ ਰਾਗ ਹੈ ਜਿਸ ਦਾ ਵਰਣਨ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਵੀ ਮਿਲਦਾ ਹੈ। ਭਾਰਤੀ ਸੰਗੀਤ ਵਿਚ ਇਸ ਨੂੰ ਮਲਾਰ ਜਾਂ ਮਲਹਾਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਕੁਝ ਵਿਦਵਾਨਾਂ ਦੇ ਵਿਚਾਰ ਅਨੁਸਾਰ ਮਲਾਰ ਮਲਰੂਹ ਦਾ ਅਪਭ੍ਰੰਸ਼ ਰੂਪ ਹੈ। ਪ੍ਰਾਚੀਨ ਅਤੇ ਮੱਧਕਾਲੀਨ ਗ੍ਰੰਥਕਾਰਾਂ ਨੇ ਇਸ ਰਾਗ ਦਾ ਜ਼ਿਕਰ ਆਪਣੇ ਗ੍ਰੰਥਾਂ ਵਿਚ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਨੂੰ ਮੁੱਖ ਰਾਗਾਂ ਦੀ ਲੜੀ ਅਧੀਨ ਸਤਾਈਵਾਂ ਸਥਾਨ ਪ੍ਰਾਪਤ ਹੈ। ਇਸ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੫੪ ਤੋਂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਮਹਿਮਾ ਕਰਦੇ ਹੋਏ ਤੀਸਰੇ ਗੁਰੂ ਅਮਰਦਾਸ ਜੀ ਇੰਝ ਫੁਰਮਾਨ ਕਰਦੇ ਹਨ:

- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੩)

ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਇਸ ਦੇ ਅੰਗ ਮਿਸ਼ਰਣ ਨਾਲ ਕਈ ਰਾਗ ਰੂਪ ਪ੍ਰਚਾਰ ਅਧੀਨ ਹਨ ਜਿਵੇਂ 'ਗੌਂਡ ਮਲਾਰ', 'ਨਟ ਮਲਾਰ', 'ਰਾਮਦਾਸੀ ਮਲਾਰ' ਆਦਿ। ਮਲਾਰ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਵਿਚ ਵਿਭਿੰਨਤਾ ਪਾਈ ਜਾਂਦੀ ਹੈ।

ਗੁਰਮਤਿ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਲਾਰ ਰਾਗ ਖਮਾਜ ਥਾਟ ਤੋਂ ਉਤਪੰਨ ਹੋਇਆ ਰਾਗ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਵਰਖਾ ਰੁੱਤ ਵਿਚ ਹਰ ਸਮੇਂ ਅਤੇ ਰਾਤ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਮਧਿਅਮ ਪੰਚਮ ਧੈਵਤ ਰਿਸ਼ਭ (ਤਾਰ ਸਪਤਕ) ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਧੈਵਤ ਪੰਚਮ ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਦੂਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਸੁਰਾਂ ਨੂੰ ਵਰਜਿਤ ਕੀਤਾ ਗਿਆ ਹੈ। ਇਹਨਾਂ ਨੇ ਵੀ ਵਾਦੀ-ਸੰਵਾਦੀ- ਮਧਿਅਮ-ਸ਼ੜਜ਼ ਨੂੰ ਹੀ ਮੰਨਿਆ ਹੈ। ਇਸ ਰਾਗ ਦੇ ਪੂਰਵਾਂਗ ਵਿਚ ਸ਼ੜਜ ਰਿਸ਼ਭ ਮਧਿਅਮ ਅਤੇ ਉਤਰਾਂਗ ਵਿਚ ਮਧਿਅਮ ਪੰਚਮ ਧੈਵਤ ਸ਼ੜਜ (ਤਾਰ ਸਪਤਕ) ਧੈਵਤ ਪੰਚਮ ਸੁਰ ਸੰਗਤੀਆਂ ਅਤਿਅੰਤ ਮਹੱਤਵਪੂਰਨ ਹਨ। ਇਸ ਤੋਂ ਬਿਨਾਂ ਰਿਸ਼ਭ ਪੰਚਮ ਦੀ ਸੁਰ ਸੰਗਤੀ ਇਸ ਰਾਗ ਦੀ ਪ੍ਰਾਣ ਹੈ। ਇਹ ਰਾਗ ਭਾਵੇਂ ਵਰਖਾ ਰੁੱਤ ਵਿਚ ਹਰ ਸਮੇਂ ਗਾਇਆ ਵਜਾਇਆ ਜਾਂਦਾ ਹੈ ਪਰੰਤੂ ਵਿਦਵਾਨਾਂ ਨੇ ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਨਿਰਧਾਰਿਤ ਕੀਤਾ ਹੈ।

ਰਾਗ ਮਲਾਰ ਦੇ ਸਰੂਪ ਸਬੰਧੀ ਤੀਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਨੂੰ ਕਾਫ਼ੀ ਥਾਟ ਦੇ ਅੰਤਰਗਤ

ਰੱਖਿਆ ਹੈ। ਇਸ ਵਿਚ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਦਾ ਵਾਦੀ ਸੁਰ ਇਸ ਮਤ ਦੇ ਧਾਰਨੀ ਵਿਦਵਾਨਾਂ ਨੇ ਸ਼ੜਜ ਅਤੇ ਸੰਵਾਦੀ ਸੁਰ ਪੰਚਮ ਮੰਨਿਆ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਮੰਨਿਆ ਗਿਆ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਮਧਿਅਮ, ਰਿਸ਼ਭ ਪੰਚਮ, ਮਧਿਅਮ ਪੰਚਮ ਨਿਸ਼ਾਦ (ਕੋਮਲ) ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ, ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਮਧਿਅਮ ਮਧਿਅਮ, ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਦਾ ਸਰਵਪ੍ਰਮਾਣਿਤ ਸਰੂਪ ਮੰਨਿਆ ਗਿਆ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਗੰਧਾਰ ਮਧਿਅਮ, ਮਧਿਅਮ ਰਿਸ਼ਭ ਪੰਚਮ, ਨਿਸ਼ਾਦ(ਕੋਮਲ) ਧੈਵਤ ਨਿਸ਼ਾਦ ਸ਼ੜਜ(ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ), ਧੈਵਤ ਨਿਸ਼ਾਦ(ਕੋਮਲ) ਪੰਚਮ, ਮਧਿਅਮ ਗੰਧਾਰ ਮਧਿਅਮ ਰਿਸ਼ਭ, ਸ਼ੜਜ ਪ੍ਰਵਾਨ ਕੀਤਾ ਹੈ।

ਮਲਾਰ ਇੱਕ ਸ਼ੁਧ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਅਨੁਸਾਰ ਉਹ ਰਾਗ ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦਾ ਮਿਸ਼ਰਣ ਨਹੀਂ ਅਤੇ ਇਹ ਆਪਣਾ ਸੁਤੰਤਰ, ਸਪਸ਼ਟ ਤੇ ਪ੍ਰਧਾਨ ਸਰੂਪ ਰੱਖਦੇ ਹਨ, ਸ਼ੁੱਧ ਰਾਗ ਵਜੋਂ ਜਾਣੇ ਜਾਂਦੇ ਹਨ। ਬਾਣੀ ਵਿਚ ਇਨ੍ਹਾਂ ਨੂੰ ਮੁੱਖ ਸਿਰਲੇਖ ਵਜੋਂ ਅੰਕਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਪ੍ਰਕਾਰ ਇਨ੍ਹਾਂ ਮੁੱਖ ਰਾਗ ਸਿਰਲੇਖਾਂ ਅਧੀਨ ਅੰਕਿਤ ਕੀਤੇ ਗਏ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਮਲਾਰ ਮੌਸਮੀ ਰਾਗ ਦੇ ਅੰਤਰਗਤ ਪ੍ਰਯੋਗ ਹੋਇਆ ਹੈ। ਇਸ ਰਾਗ ਵਿਚ ਰਚਿਤ ਬਾਣੀ ਵਿਚ ਗੁਰੂ ਸਾਹਿਬ ਵਰਖਾ ਰੁੱਤ ਸਮੇਂ ਪ੍ਰਕਿਰਤੀ ਦਾ ਸ਼ਿੰਗਾਰ, ਮਾਨਵ ਮਨ ਦਾ ਉਲਾਸ ਅਤੇ ਪਤੀ-ਪ੍ਰੀਤਮ ਦੇ ਵਿਛੋੜੇ ਦੀ ਅਸਹਿ ਪੀੜਾ ਦਾ ਹਵਾਲਾ ਦਿੰਦਿਆਂ ਆਤਮਾ ਦਾ ਪਰਮਾਤਮਾ ਦੇ ਵਿਛੋੜੇ ਵਿਚਲੀ ਤੜਫ ਨੂੰ ਅਤੇ ਫਿਰ ਉਸ ਦੇ ਮਿਲਣ ਦੀ ਅਵਸਥਾ ਨੂੰ ਬਿਆਨਦਿਆਂ ਇੰਜ ਫੁਰਮਾਉਂਦੇ ਹਨ:

- ਬਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥
  ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੇ ਤਾਂ ਮਿਲੈ ਸੁਭਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੨)
- ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥
  ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੬)
- ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾ ਦਰਿ ਸੁਣੀ ਪੁਕਾਰ॥
  ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੫)

ਉਪਰੋਕਤ ਅਨੁਸਾਰ ਮਲਾਰ ਦਾ ਸਮਾਂ ਵੀ ਅੰਮ੍ਰਿਤ ਵੇਲੇ ਰਾਤ ਦਾ ਤੀਸਰਾ ਪਹਿਰ ਹੈ। ਇਸ ਰਾਗ ਵਿਚ

ਗੁਰੂ ਨਾਨਕ ਦੇਵ ਜੀ ਦੇ ਨੌ ਪਦੇ, ਪੰਜ ਅਸ਼ਟਪਦੀਆਂ ਅਤੇ ਇਕ ਵਾਰ; ਗੁਰੂ ਅਮਰਦਾਸ ਜੀ ਦੇ ਤੇਰਾਂ ਪਦੇ, ਤਿੰਨ ਅਸਟਪਦੀਆਂ; ਗੁਰੂ ਰਾਮਦਾਸ ਜੀ ਦੇ ਸੱਤ ਪਦੇ, ਦੋ ਪੜਤਾਲਾਂ; ਗੁਰੂ ਅਰਜਨ ਦੇਵ ਜੀ ਦੇ ਬਾਈ ਪਦੇ, ਚਾਰ ਛੰਤ ਅਤੇ ਅੱਠ ਪੜਤਾਲਾਂ ਅੰਕਿਤ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਨਾਮਦੇਵ ਦੇ ਦੋ ਅਤੇ ਭਗਤ ਰਵਿਦਾਸ ਜੀ ਦੇ ਤਿੰਨ ਪਦੇ ਬਾਣੀ ਰੂਪ ਵੀ ਅੰਕਿਤ ਹਨ।

ਬਸੰਤ ਦੀ ਕੀਰਤਨ ਚੌਕੀ ਵਾਂਗ ਹੀ ਗੁਰਮਤਿ ਸੰਗੀਤ ਪਰੰਪਰਾ ਵਿਚ ਸਾਵਣ ਦੇ ਮਹੀਨੇ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੋਵੇ, ਉਸ ਵਿਚ ਰਾਗ ਮਲਾਰ ਤੇ ਮਲਾਰ ਦੇ ਪ੍ਰਕਾਰਾਂ ਵਿਚ ਕੀਰਤਨੀਏ ਕੀਰਤਨ ਕਰਦੇ ਹਨ ਅਤੇ 'ਮਲਾਰ ਦੀ ਵਾਰ' ਦੀ ਪਉੜੀ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਮਲਾਰ ਰਾਗ ਵਿਚ ਗੁਰੂ ਰਾਮਦਾਸ ਜੀ ਦੀਆਂ ਦੋ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਅੱਠ ਪੜਤਾਲਾਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਵਿਚ ਬੜੇ ਉਤਸ਼ਾਹ ਨਾਲ ਗਾਇਆ ਜਾਂਦਾ ਹੈ। ਇਨ੍ਹਾਂ ਪੜਤਾਲਾਂ ਦੀਆਂ ਰਚਨਾਵਾਂ ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ ਆਦਿ ਰਚਨਾਕਾਰਾਂ ਨੇ ਕੀਤੀਆਂ ਹਨ।

ਮਲਾਰ ਰਾਗ ਦੇ ਅਧੀਨ ੨੦ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਿਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਰਾਗ ਮਲਾਰ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਮਲਾਰ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

**ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ**


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC : STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 earlier valid upto 31/03/2012 now valid in perpetuity.

# ਗੁਰਮਤਿ ਸੰਗੀਤ ਦੀ ਲੋਕ ਗਾਇਨ ਪਰੰਪਰਾ

ਡਾ. ਹਰਜਸ ਕੌਰ

ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਗਾਇਨ ਹਿਤ ਸਿੱਖ ਗੁਰੂਆਂ ਨੇ ਸ਼ਾਸਤਰੀ (ਮਾਰਗੀ) ਅਤੇ ਲੋਕ (ਦੇਸੀ) ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਇਸ ਵਿਚ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ ਨਾਮ ਦੀ ਬਜਾਏ ਸ਼ਬਦ ਪ੍ਰਧਾਨ ਹੋਣ ਕਾਰਨ ਕਾਵਿਕ ਨਾਮ ਦਿਤਾ ਗਿਆ ਹੈ ਕਿਉਂਕਿ ਬਾਣੀ ਕਾਵਿਕ ਜਾਮੇ ਵਿਚ ਦਰਜ ਹੈ। ਭਿੰਨ-ਭਿੰਨ ਕਾਵਿ ਰੂਪ ਭਿੰਨਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਉਤੇ ਆਧਾਰਿਤ ਹਨ। ਗੁਰਮਤਿ ਸੰਗੀਤ ਦੀਆਂ ਇਨ੍ਹਾਂ ਗਾਇਨ ਸ਼ੈਲੀਆਂ ਦੀ ਇਹ ਵਿਲੱਖਣਤਾ ਹੈ ਕਿ ਇਨ੍ਹਾਂ ਸ਼ੈਲੀਆਂ ਨੂੰ ਸ਼ਾਸਤਰੀ ਸੰਗੀਤ ਦੇ ਵਿਭਿੰਨ ਸਿਧਾਂਤਾਂ ਦੁਆਰਾ ਸੰਗੀਤ ਬਧ ਕਰਨ ਦੀ ਪਰੰਪਰਾ ਹੈ। ਇਹ ਸਿਧਾਂਤ ਭਾਵੇਂ ਭਾਰਤੀ ਸ਼ਾਸਤਰੀ ਸੰਗੀਤ ਦੇ ਆਧਾਰ 'ਤੇ ਉਤਪੰਨ ਹੋਏ ਹਨ ਪਰ ਇਨ੍ਹਾਂ ਵਿਚ ਭਾਰਤੀ ਸੰਗੀਤ ਦੇ ਅਨੁਸ਼ਾਸਨ ਦੀ ਕੱਟੜਤਾ ਨਾਲ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਦਾ ਬੰਧੇਜ ਹੈ, ਜਿਸ ਦੇ ਅੰਤਰਗਤ ਅਧਿਆਤਮ ਅਨੰਦ ਅਤੇ ਅਧਿਆਤਮ ਬੋਧ ਦਾ ਲਕਸ਼ ਨਿਰਧਾਰਣ ਹੈ। ਗੁਰਮਤਿ ਸੰਗੀਤ ਵਿਚ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਕੱਟੜ ਨਿਯਮਾਂ ਨੂੰ ਸਹਿਜ ਅਤੇ ਲੋਕ ਗਾਇਨ ਸ਼ੈਲੀਆਂ ਦੀ ਆਪ ਮੁਹਾਰੀ ਖੁਲ੍ਹ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਨਿਯਮਾਂ ਦਾ ਅੰਕੁਸ਼ ਲਗਾ ਦਿੱਤਾ ਹੈ ਜਿਸ ਦੇ ਅੰਤਰਗਤ ਸ਼ਾਸਤਰੀ ਗਾਇਨ ਸ਼ੈਲੀਆਂ ਤੋਂ ਇਲਾਵਾ ਲੋਕ ਗਾਇਨ ਸ਼ੈਲੀਆਂ ਨੂੰ ਰਾਗ ਸਹਿਤ ਅੰਕਿਤ ਕੀਤਾ ਗਿਆ ਹੈ।

ਸੰਗੀਤ ਵਿਚ ਰਾਗ ਮੱਹਤਵਪੂਰਨ ਇਕਾਈ ਹੈ। ਰਾਗ ਅਧੀਨ ਸਨਾਤਨੀ ਅਤੇ ਦੇਸੀ ਰੂਪ ਦੋਵੇਂ ਹੀ ਗਾਇਨ ਵਿਚ ਪ੍ਰਚਲਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਾਤਨੀ ਕਾਵਿ ਰੂਪਾਂ ਲਈ ਸਨਾਤਨੀ ਰਾਗਾਂ ਦੇ ਅੰਤਰਗਤ ਅਤੇ ਲੋਕ ਕਾਵਿ ਰੂਪਾਂ ਨੂੰ ਦੇਸੀ ਰਾਗਾਂ ਦੇ ਅਧੀਨ ਰਖਿਆ ਗਿਆ ਹੈ ਅਤੇ ਇਨ੍ਹਾਂ ਲਈ ਸਪਸ਼ਟ ਰੂਪ ਵਿਚ ਗਾਇਨ ਪ੍ਰਕਾਰ ਵੀ ਦਿਤੇ ਗਏ ਹਨ। ਸਨਾਤਨੀ ਗਾਇਨ ਸ਼ੈਲੀ ਕਲਾਸਕੀ ਨਿਯਮਾਂ ਦੀ ਪਾਲਣਾ ਕਰਦੀ ਹੈ ਜਦੋਂ ਕਿ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਉਹ ਹਨ ਜਿਹੜੀਆਂ ਵੱਖ-ਵੱਖ ਖਿੱਤਿਆਂ, ਜਾਤਾਂ, ਪ੍ਰਾਂਤਾਂ ਦੇ ਮੱਨੁਖੀ ਜੀਵਨ ਵਿਚ ਭਾਵਾਂ ਦੇ ਪ੍ਰਗਟਾਅ ਲਈ ਪ੍ਰਯੋਗ ਹੁੰਦੀਆਂ ਹਨ। ਇਨ੍ਹਾਂ ਸ਼ੈਲੀਆਂ ਵਿਚ ਉਥੋਂ ਦੀ ਸੰਸਕ੍ਰਿਤੀ ,ਸਭਿਅਤਾ ਦੀ ਝਲਕ ਮਿਲਦੀ ਹੈ। ਬਾਣੀ ਦੇ ਅੰਤਰਗਤ ਲੋਕ ਗਾਇਨ ਸ਼ੈਲੀ ਦਾ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਕਿ ਆਪਣੇ-ਆਪਣੇ ਲੋਕ ਕਾਵਿ ਰੂਪ ਦੇ ਅਨੁਸਾਰ ਹੈ,ਉਦਾਹਰਣ ਦੇ ਤੋਰ 'ਤੇ ਛੰਤ, ਅਲਾਹੁਣੀਆਂ, ਘੋੜੀਆਂ, ਵਾਰ, ਮੁੰਦਾਵਣੀ ਆਦਿ। ਇਨ੍ਹਾਂ ਵਿਚੋਂ ਕੁਝ ਕੁ ਪ੍ਰਮੁੱਖ ਲੋਕ ਗਾਇਨ ਸ਼ੈਲੀਆਂ ਦਾ ਵਰਣਨ ਇਸ ਪ੍ਰਕਾਰ ਹੈ।

ਛੰਤ ਪੰਜਾਬੀ ਲੋਕ ਸੰਗੀਤ ਦਾ ਮਹੱਤਵਪੂਰਨ ਅੰਗ ਹੈ। ਸ਼ਿੰਗਾਰ ਰਸ ਨਾਲ ਭਰਪੂਰ ਵਿਆਹ ਦੀ ਰਸਮ 'ਤੇ ਛੰਤ ਗਾਇਨ ਸ਼ੈਲੀ ਪ੍ਰਸਿੱਧ ਹੈ। ਪੰਜਾਬੀ ਲੋਕ ਸੰਗੀਤ ਵਿਚ ਛੰਤ ਦੀਆਂ ਤੁਕਾਂ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰਕੇ ਅਤੇ ਹਰ ਭਾਗ ਦੇ ਅਖੀਰਲੇ ਸ਼ਬਦ ਨੂੰ ਲਮਕਾ ਕੇ ਟਿਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ। ਬਾਣੀ ਵਿਚ ਛੰਤ 'ਤੇ ਉਕਤ ਲੋਕ ਗਾਇਨ ਸ਼ੈਲੀ ਦਾ ਪ੍ਰਯੋਗ ਮਿਲਦਾ ਹੈ। ਛੰਤ ਰਚਨਾ ਵਿਚ ਲੋਕ ਸ਼ੈਲੀ ਦੇ ਪ੍ਰਯੋਜਨ ਨੂੰ ਧਿਆਨ ਵਿਚ ਰਖਦਿਆਂ ਇਸ ਨੂੰ ਬਾਣੀ ਵਿਧਾਨ ਦਾ ਅੰਕੁਸ਼ ਲਗਾਇਆ ਗਿਆ ਹੈ। ਜਿਸ ਅਧੀਨ ਇਸ ਦੇ ਗਾਇਨ ਦੀ ਵਿਧੀ ਤਾਂ ਲੋਕ ਗਾਇਨ ਸ਼ੈਲੀ ਅਨੁਸਾਰ ਬਿਨ੍ਹਾਂ ਕਿਸੇ ਸਥਾਈ, ਅੰਤਰੇ ਤੋਂ ਗਾਉਣਾ ਹੈ। ਇਸ ਵਿਚ ਸ਼ਬਦ ਦੇ ਭਾਵ ਨੂੰ ਉਜਾਗਰ ਕਰਨ ਹਿਤ ਧੁਨ ਅਤੇ ਸ਼ਬਦ ਦੇ ਲਮਕਾਅ ਅਤੇ ਟਿਕਾਅ

ਸਹਿਤ ਹੀ ਗਾਇਨ ਹਿਤ ਧਿਆਨ ਵਿਚ ਰਖਿਆ ਜਾਂਦਾ ਹਾਂ। ਉਦਾਹਰਣ ਦੇ ਤੋਰ 'ਤੇ 'ਆਸਾ ਦੀ ਵਾਰ' ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਛੰਤਾਂ ਦਾ ਗਾਇਨ ਕਰਨ ਦੀ ਪ੍ਰਥਾ ਹੈ। ਅਲਾਹੁਣੀ ਸੋਗਮਈ ਲੋਕ ਕਾਵਿ ਰੂਪ ਹੈ ਜਿਸ ਵਿਚ ਮ੍ਰਿਤਕ ਪ੍ਰਾਣੀ ਦੇ ਗੁਣਾਂ ਨੂੰ ਦੁਖਦਾਇਕ ਸੁਰਾਂ ਵਿਚ ਸਲਾਹਿਆ ਜਾਂਦਾ ਹੈ। ਆਲਾਹੁਣੀ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ ਪਰ ਸਭਨਾਂ ਵਿਚ ਇਕੋ ਹੀ ਭਾਵਨਾ ਹੁੰਦੀ ਹੈ ਦਿਲੀ ਵੇਦਨਾ ਅਤੇ ਅਰਮਾਨਾਂ ਦਾ ਪ੍ਰਗਟਾਅ।[੧] ਬਾਣੀ ਅਧੀਨ ਅਲਾਹੁਣੀ ਵਿਚ ਸੰਸਾਰ ਨੂੰ ਨਾਸ਼ਮਾਨ ਦਸਦੇ ਹੋਏ,ਜੀਵ ਨੂੰ ਪ੍ਰਮਾਤਮਾ ਦੀ ਰਜ਼ਾ ਵਿਚ ਰਹਿਣ ,ਉਤੱਮ ਕੰਮ ਕਰਨ ,ਮੌਤ ਨੂੰ ਯਾਦ ਰੱਖਣ ਅਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿਤਾ ਹੈ। ਅਲਾਹੁਣੀ ਦਾ ਗਾਇਨ ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ ਦੇਹ ਨੂੰ ਦਾਹ ਦੇਣ ਮਗਰੋਂ ਕੀਤਾ ਜਾਂਦਾ ਹੈ।[੨] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ ਨੌਂ ਅਲਾਹੁਣੀਆਂ ਹਨ ਜਿਨ੍ਹਾਂ ਦੇ ਚਾਰ ਬੰਦ ਹਨ ਅਤੇ ਹਰ ਬੰਦ ਵਿਚ ਛੇ ਤੁਕਾਂ ਦਰਜ ਹਨ ਪਰ ਰਾਗ ਵਡਹੰਸ ਦੇ ਦੱਖਣੀ ਪ੍ਰਕਾਰ ਦੀ ਅਲਾਹੁਣੀ ਅਠ ਬੰਦ ਅਤੇ

ਹਰ ਬੰਦ ਚਾਰ ਤੁਕਾਂ ਦਾ ਧਾਰਣੀ ਹੈ। ਇਸ ਵਿਚ ਸਥਾਈ ਵਜੋਂ ਰਹਾਉ ਦੀ ਤੁਕ ਵੀ ਅੰਕਿਤ ਹੈ ਜਦੋਂ ਕਿ ਬਾਕੀ ਅਲਾਹੁਣੀਆਂ ਨੂੰ ਸਥਾਈ, ਅੰਤਰੇ ਵਿਚ ਵਿਭਾਜਿਤ ਨਹੀਂ ਕੀਤਾ ਗਿਆ, ਇਹ ਕ੍ਰਮਵਾਰ ਹੀ ਗਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਭੈਰਵੀ ਰਾਗ ਵਿਚ ਵੀ ਗਾਇਨ ਕਰਨ ਦੀ ਪਰੰਪਰਾ ਹੈ।[੩] ਅਲਾਹੁਣੀ ਵਿਚ ਅੰਤਿਮ ਸ਼ਬਦਾਂ ਨੂੰ ਹੇਕ ਤੇ ਲਮਕਾਅ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ ਜੋ ਕਿ ਅਲਾਹੁਣੀ ਦੀ ਖਾਸ ਪਹਿਚਾਣ ਹਨ। ਇਸੇ ਤਰ੍ਹਾਂ ਘੋੜੀਆਂ ਵਿਆਹ ਦੀ ਰਸਮ ਨਾਲ ਸੰਬੰਧਿਤ ਸ਼ਿੰਗਾਰ ਰਸ ਪ੍ਰਧਾਨ ਲੋਕ ਰੂਪ ਹੈ ਜੋ ਕਿ ਭੈਣਾਂ, ਵੀਰ ਦੇ ਘੋੜੀ ਚੜਨ ਵੇਲੇ ਗਾਇਨ ਕਰਦੀਆਂ ਹਨ। ਬਾਣੀ ਵਿਚ ਮਨੁੱਖੀ ਦੇਹ ਨੂੰ ਘੋੜੀ ਦੇ ਪ੍ਰਤੀਕ ਵਜੋਂ ਦਰਸਾਇਆ ਹੈ,ਜਿਸ ਵਿਚ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਪ੍ਰਭੂ ਮਿਲਾਪ ਦੇ ਸਾਧਨਾਂ ਦਾ ਜ਼ਿਕਰ ਕੀਤਾ ਗਿਆ ਹੈ।

ਵਾਰ ਪੰਜਾਬ ਦੇ ਲੋਕ ਸੰਗੀਤ ਦਾ ਇਕ ਅਟੁੱਟ ਅੰਗ ਹੈ, ਜਿਸ ਦਾ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ। ਵਾਰ ਸ਼ਬਦ ਨੂੰ ਕਈ ਸ਼ਬਦਾਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਵੇਂ ਸਾਹਮਣਾ ਕਰਨਾ, ਪਿਛੇ ਧੱਕਣਾ, ਪਰੇ ਹੱਟਣਾ ਆਦਿ। ਵਾਰ ਸ਼ਬਦ ਨੂੰ ਘਟਨਾ ਦੇ ਵਾਰ-ਵਾਰ ਗਾਉਣ,ਬਾਰ (ਦਰਵਾਜੇ) ਵਰਗੇ ਸਥਾਨ ਉਤੇ ਗਾਉਣ, ਸਿਫਤ ਸਲਾਹ ਕਰਨ, ਸਹਾਇਤਾ ਲਈ ਪੁਕਾਰ,ਜਸ ਕਰਨਾ,ਵਾਰੇ ਜਾਣ ਜਾਂ ਵਾਰ ਕਰਨ ਦੇ ਅਰਥ ਦਿੱਤੇ ਜਾਂਦੇ ਹਨ।[੪] ਵਾਰ ਜਿਸ ਵਿਚ ਬਹਾਦਰ ਜੋਧਿਆਂ ਦੀ ਲੜਾਈ, ਸੂਰਬੀਰਤਾ ਨੂੰ ਸੰਗੀਤਮਈ ਪ੍ਰਸਤੁਤੀ ਦੁਆਰਾ ਪੇਸ਼ ਕੀਤਾ ਗਿਆ ਹੈ। ਇਸਦੇ ਗਾਇਕਾਂ ਨੂੰ 'ਢਾਢੀ' ਕਿਹਾ ਜਾਂਦਾ ਹੈ, ਜਿਹੜੇ ਵਾਰਾਂ ਨੂੰ ਸੰਬੰਧਿਤ ਇਲਾਕਾਈ ਧੁਨਾਂ ਅਨੁਸਾਰ ਗਾਇਨ ਕਰਦੇ ਹਨ। ਵਾਰ ਬੀਰ ਰਸ ਨਾਲ ਭਰਪੂਰ ਹੋਣ ਕਾਰਣ ਇਸ ਦਾ ਗਾਇਨ ਬੁਲੰਦ ਆਵਾਜ਼ ਵਿਚ ਵਧੇਰੇ ਕਰਕੇ ਤਾਰ ਸਪਤਕ ਵਿਚ ਕੀਤਾ ਜਾਂਦਾ ਹੈ। ਵਾਰ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ। ਢੱਡ ਉਪਰ ਚਾਰ ਮਾਤ੍ਰਾ ਦੇ ਬੋਲ 'ਗੇ, ਤਿਟ, ਤਾ, ਗੇਤਾ' ਵਜਾਏ ਜਾਂਦੇ ਹਨ। ਬਾਣੀ ਅੰਤਰਗਤ ਵਾਰਾਂ ਵਿਚ ਅਧਿਆਤਮ ਮਾਰਗ ਤੇ ਚੱਲਣ ਵੇਲੇ ਉਤਪੰਨ ਦੁਨਿਆਵੀ ਮੋਹ ਮਾਇਆ,ਵਿਸ਼ੇ ਵਿਕਾਰਾਂ ਨਾਲ ਯੁੱਧ ਦਾ ਵਰਣਨ ਹੈ। ਇਨ੍ਹਾਂ ਵਾਰਾਂ ਵਿਚ ਸਮਾਜਿਕ ਸਦਾਚਾਰਕ ਕੀਮਤਾਂ ਦੁਆਰਾ ਅਧਿਆਤਮ ਅਨੁਭਵ ਦਾ ਬੋਧ ਕਰਵਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਝ ਵਾਰਾਂ ਨੂੰ ਗੁਰੂ ਸਾਹਿਬਾਨ ਦੇ ਸਮੇਂ ਪ੍ਰਚੱਲਿਤ ਨਿਸ਼ਚਿਤ ਧੁਨਾਂ 'ਤੇ ਗਾਇਨ ਕਰਨ ਦੇ ਸੰਕੇਤ ਹਨ ਜਿਵੇ :-

- ਵਾਰ ਮਾਝ ਦੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ,ਸੋਹੀਆ ਕੀ ਧੁਨੀ ਗਾਵਣੀ (ਆਦਿ ਗ੍ਰੰਥ, ਪੰਨਾ ੧੩੭)
- ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੌਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ (ਆਦਿ ਗ੍ਰੰਥ, ਪੰਨਾ ੧੩੮)
- ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਭੀ ਮਹਿਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ (ਆਦਿ ਗ੍ਰੰਥ, ਪੰਨਾ ੪੬੨)
- ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ (ਆਦਿ ਗ੍ਰੰਥ, ਪੰਨਾ ੫੦੮)
- ਵਡਹੰਸ ਕੀ ਵਾਰ ਮਹਲਾ ੪ ਲਲਾ ਬਹਿਲੀਮਾ ਕੀ ਧੁਨਿ ਗਾਵਣੀ (ਆਦਿ ਗ੍ਰੰਥ, ਪੰਨਾ ੫੮੫)
- ਰਾਮਕਲੀ ਕੀ ਵਾਰ ਮਹਲਾ ੩ ਜੋਧੈ ਵੀਰੈ ਪੂਰਬਾਣੀ ਕੀ ਧੁਨੀ (ਆਦਿ ਗ੍ਰੰਥ, ਪੰਨਾ ੯੪੭) - ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ (ਆਦਿ ਗ੍ਰੰਥ, ਪੰਨਾ ੯੬੬)
- ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ (ਆਦਿ ਗ੍ਰੰਥ, ਪੰਨਾ ੧੨੩)
- ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ (ਆਦਿ ਗ੍ਰੰਥ, ਪੰਨਾ ੧੨੭੮)

ਇਨ੍ਹਾਂ ਵਾਰਾਂ ਤੇ ਗਾਇਨ ਦੇ ਸੰਬੰਧੀ ਧੁਨਾਂ ਦੇ ਸੰਕੇਤ ਤੋਂ ਵਾਰ ਦੀ ਪ੍ਰਾਚੀਨਤਾ ਤੇ ਲੋਕ ਪ੍ਰਿਯਤਾ ਬਾਰੇ ਪਤਾ ਲਗਦਾ ਹੈ। ਵਾਰਾਂ ਉਪਰ ਲੋਕ ਧੁਨਾਂ ਦੇ ਨਾਲ ਰਾਗ, ਘਰੁ ਆਦਿ ਸੰਕੇਤ ਸਿਰਲੇਖ ਰੂਪ ਵਿਚ ਵਿਦਮਾਨ ਹਨ। ਇਨ੍ਹਾਂ ਦਾ ਗਾਇਨ ਕਰਨਾ ਕੋਈ ਸਹਿਜ ਕਾਰਜ ਨਹੀਂ। ਆਸਾ ਦੀ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਟੁੰਡੇ ਅਸਰਾਜੈ ਦੀ ਵਾਰ ਦੀ ਧੁਨੀ ਦੇ ਸੰਕੇਤ ਅਨੁਸਾਰ ਅਤੇ ਆਸਾ ਰਾਗ ਵਿਚ ਹੀ ਗਾਇਆ ਜਾਂਦਾ ਹੈ।ਆਸਾ ਦੀ ਵਾਰ ਵਿਚ ਕੇਵਲ ਸਲੋਕ ਅਤੇ ਪਉੜੀਆਂ ਹੀ ਨਹੀਂ ਬਲਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਛਕੇ ਛੰਤ ਨੂੰ ਵੀ ਗਾਇਨ ਕਰਨ ਦੀ ਪ੍ਰਥਾ ਹੈ।ਆਸਾ ਦੀ ਵਾਰ ਵਿਚ ਪਹਿਲਾਂ ਛੰਤ ਰਾਗ ਆਸਾ ਅੰਤਰਗਤ ਟਕਸਾਲੀ ਢੰਗ ਜੋ ਪਰੰਪਰਾਗਤ ਰੂਪ ਵਿਚ ਪ੍ਰਚੱਲਿਤ ਹੈ,ਇਹ ਇਕ ਤਾਲ ਜਾਂ ਧੱਕੇ ਵਿਚ ਨਿਬੱਧ ਹੈ,ਗਾਇਨ ਕੀਤਾ ਜਾਂਦਾ ਹੈ। ਛੰਤ ਦੇ ਗਾਇਨ ਕਰਨ ਤੋਂ ਬਾਅਦ ਸਲੋਕ ਦਾ ਗਾਇਨ ਮੋਹਰੀ ਕੀਰਤਨਕਾਰ ਅਤੇ ਸਹਾਇਕ ਵਾਜੇ ਵਾਲਾ ਰਾਗੀ ਆਸਾ ਰਾਗ ਅਧੀਨ ਅਤੇ ਤਾਲ ਤੋਂ ਸੁਤੰਤਰ ਹੋ ਕੇ ਗਾਇਨ ਕਰਦੇ ਹਨ।ਸਲੋਕ ਦੇ ਗਾਇਨ 'ਤੇ ਰਾਗੀ ਜਿਥੇ ਸਰੋਤੇ ਨੂੰ ਬਾਣੀ ਦਾ ਗਿਆਨ ਕਰਵਾਉਂਦੇ ਹਨ ਉਥੇ ਸੰਬੰਧਿਤ ਰਾਗ ਦਾ ਸਰੂਪ ਵੀ ਸਪਸ਼ਟ ਕਰੀ ਜਾਂਦੇ ਹਨ। ਇਹ ਸਲੋਕ ਫਿਰ ਵਾਰੋ-ਵਾਰੀ ਦੋਵੇਂ ਰਾਗੀ ਪੜ੍ਹਦੇ ਹਨ, ਫਿਰ ਪਉੜੀ ਦਾ ਤਿੰਨੇ ਰਾਗੀ ਮਿਲ ਕੇ ਮੱਧ ਲੈਅ ਵਿਚ ਤਾਰ ਸਪਤਕ ਵਿਚ ਗਾਇਨ ਕਰਦੇ ਹਨ। ਪਉੜੀ ਲਈ ਖਾਸ ਤਾਲ 'ਪਉੜੀ ਤਾਲ' ਜੋ ਪਉੜੀ ਲਈ ਵਿਸ਼ੇਸ਼ ਹੈ, ਇਸ ਠੇਕੇ ਦੇ ਬੋਲ ਹਨ 'ਗੇ ਤਿਟ ਤਾ ਗੇਤਾ'। ਇਸ ਵਿਚ ਪਹਿਲੇ 'ਗੇ' ਤੇ ਸਮ ਹੈ ਪਉੜੀ ਦੀ ਆਖਰੀ ਤੁਕ ਵਿਚ ਵਿਸ਼ੇਸ਼ ਰੂਪ ਵਿਚ ਤੋੜਾ ਮਾਰ ਕੇ ਮੁਕਾਇਆ ਜਾਂਦਾ ਹੈ ਅਤੇ ਤੀਸਰੀ ਵਾਰ ਇਕ ਮਾਤਰਾ ਵਧਾ ਕੇ ਸਮਾਪਤੀ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗੰਥ ਸਾਹਿਬ ਜੀ ਵਿਚ ਉਪਰੋਕਤ ਗਾਇਨ ਸ਼ੈਲੀਆਂ ਤੋਂ ਇਲਾਵਾ ਲੋਕ ਕਾਵਿ ਰੂਪ ਅੰਜੁਲੀ, ਕੁਚੱਜੀ ਸੁਚੱਜੀ, ਬਾਰਹਮਾਹ, ਆਦਿ ਮਿਲਦੇ ਹਨ।ਜਿਥੇ ਇਹ ਲੋਕ ਮਨ ਦੀ ਅਭਿਵਿਅਕਤੀ ਦੇ ਨਾਲ

ਜੁੜੇ ਹੋਏ ਹਨ ਉਥੇ ਇਹ ਬਾਣੀ ਸੰਗੀਤ ਵਿਧਾਨ ਦੇ ਧਾਰਣੀ ਹਨ। ਜਿਸ ਦੇ ਅੰਤਰਗਤ ਇਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਅੰਕੁਸ਼ ਲਗਾ ਕੇ ਇਨ੍ਹਾਂ ਵਿਚਲੀ ਖੁਲ੍ਹ ਨੂੰ ਅਨੁਸ਼ਾਸਿਤ ਕੀਤਾ ਗਿਆ ਹੈ। ਇਹ ਅਨੁਸ਼ਾਸਨਬੱਧਤਾ ਇਨ੍ਹਾਂ ਦੀ ਭਾਵ ਅਭਿਵਿਅਕਤੀ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਸਗੋਂ ਵਿਸ਼ੇ ਦੀ ਸਹਿਜ ਪ੍ਰਸਤੁਤੀ ਵਿਚ ਸਹਾਇਕ ਹੁੰਦੀ ਹੈ।

ਗੁਰਮਤਿ ਸੰਗੀਤ ਪਰੰਪਰਾ ਮੂਲ ਰੂਪ ਵਿਚ ਜਿਥੇ ਸਾਸ਼ਤਰੀ ਅਤੇ ਲੋਕ ਸੰਗੀਤ ਦੇ ਵਿਭਿੰਨ ਉਪਕਰਨਾਂ ਦਾ ਸੰਮਿਲਤ ਅਤੇ ਸੰਯੁਕਤ ਰੂਪ ਹੈ ਉਥੇ ਸਾਧਾਰਨ ਸਿੱਖ ਸੰਗਤ ਦੁਆਰਾ ਲੋਕ ਗਾਇਨ ਪ੍ਰਵਾਹ ਵੀ ਪ੍ਰਚਾਰ ਵਿਚ ਹੈ। ਗੁਰੂ ਸਾਹਿਬਾਨ ਸਮੇਂ ਵੀ ਇਕ ਪਾਸੇ ਰਾਗੀ ਰਬਾਬੀਆਂ ਦੀ ਪਰੰਪਰਾ ਸੀ ਉਥੇ ਦੂਸਰੇ ਪਾਸੇ ਸਾਧਾਰਨ ਸਿੱਖ ਸੰਗਤਾਂ ਵੀ ਕੀਰਤਨ ਕਰਨ ਵਿਚ ਰੁੱਚੀ ਰਖਦੀਆਂ ਸਨ। ਵਿਸ਼ੇਸ਼ ਤੋਰ 'ਤੇ ਇਹ ਪਰੰਪਰਾ ਉਸ ਸਮੇਂ ਸਪਸ਼ਟ ਰੂਪ ਵਿਚ ਸਾਹਮਣੇ ਆਈ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਸੱਤਾ ਅਤੇ ਬਲਵੰਡ ਜੀ ਦੀ ਗੈਰ ਹਾਜ਼ਰੀ ਵਿਚ ਸਾਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਲਈ ਪ੍ਰੇਰਿਆ। ਗੁਰਮਤਿ ਸੰਗੀਤ ਦਾ ਵਡਮੁੱਲਾ ਖਜ਼ਾਨਾ ਵਿਵਹਾਰਕ ਕੀਰਤਨ ਕਰਨ ਨਾਲ ਸੰਬੰਧ ਹੈ। ਇਸ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਸੰਗੀਤ ਵਿਧਾਨ ਦੀ ਪਾਲਣਾ ਨਾ ਹੋ ਕੇ ਪਰੰਪਰਾ ਤੋਂ ਲੋਕ ਪ੍ਰਚਲਨ ਵਿਚ ਆਈ ਕਿਰਿਆਤਮਕਤਾ ਰੂਪ ਹੈ। ਜਿਥੇ ਮਰਿਆਦਤ ਰੂਪ ਵਿਚ ਕੀਰਤਨ ਨਾ ਹੋ ਕੇ ਸਮੂਹ ਸੰਗਤ ਵਲੋਂ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਬਾਣੀ ਦੇ ਸ਼ਬਦਾਂ ਨੂੰ ਢੋਲਕੀ,ਛੈਣਿਆਂ,ਚਿਮਟਿਆਂ,ਖੜਤਾਲਾਂ ਆਦਿ ਲੋਕ ਸਾਜਾਂ ਨਾਲ ਧਾਰਨਾ ਅਨੁਸਾਰ ਬਾਰ-ਬਾਰ ਦੁਹਰਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਮੋਹਰੀ / ਕੀਰਤਨਕਾਰ ਸਾਜ਼ ਦੀ ਮਿੱਠੀ ਧੁਨ ਵਿਚ ਕਿਸੇ ਤੁਕ ਦਾ ਗਾਇਨ ਕਰਦਾ ਹੈ ਫਿਰ ਸੰਗਤਾਂ ਸਾਮੂਹਿਕ ਰੂਪ ਵਿਚ ਉਸਨੂੰ ਬਾਰ-ਬਾਰ ਗਾਇਨ ਕਰਦੀਆਂ ਹਨ। ਇਹ ਕੀਰਤਨ ਪਰੰਪਰਾ ਗੁਰੂ ਸਾਹਿਬ ਦੇ ਜਨਮ ਦਿਵਸ, ਸ਼ਹੀਦੀ ਪੁਰਬ ਜਾਂ ਹੋਰ ਸਿੱਖ ਸਮਾਗਮਾਂ ਉਤੇ ਨਗਰ ਕੀਰਤਨ ਦੌਰਾਨ ਵੇਖਣ ਨੂੰ ਮਿਲਦੀ ਹੈ। ਸੰਤਾਂ ਮਹਾਤਮਾਵਾਂ ਦੁਆਰਾ ਸ਼ਬਦ ਕੀਰਤਨ ਦਾ ਗਾਇਨ ਇਸ ਵਿਧੀ ਦੁਆਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਕਰਮਾ ਕਰਦੇ ਹੋਏ ਚੌਕੀ ਸਾਹਿਬ ਕੱਢਣ ਵੇਲੇ ਦੀ ਕੀਰਤਨ ਪਰੰਪਰਾ ਹੈ ਜੋ ਕਿ 'ਵਾਰੀਆਂ ਦੇ ਕੀਰਤਨ'ਤੋਂ ਵੀ ਪ੍ਰਸਿੱਧ ਹੈ। ਇਹ ਵਾਰੀਆਂ ਦਾ ਕੀਰਤਨ ਵੀ ਇਸੇ ਅੰਦਾਜ਼ ਤੋਂ ਕੀਤਾ ਜਾਂਦਾ ਹੈ।

ਉਪਰੋਕਤ ਲੋਕ ਗਾਇਨ ਸ਼ੈਲੀਆਂ ਤੋਂ ਇਲਾਵਾ ਟਕਸਾਲੀ ਪਰੰਪਰਾ ਵੀ ਮੌਜੂਦ ਹੈ ਜੋ ਕਿ ਸੀਨਾ-ਬ-ਸੀਨਾ ਪਰੰਪਰਾਗਤ ਰੂਪ ਵਿਚ ਚਲਦੀ ਆ ਰਹੀ ਹੈ। ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਸਿੱਖ ਧਰਮ ਵਿਚ ਆਸਥਾ ਰੱਖਣ ਵਾਲੇ ਲੋਕਾਂ ਦੇ ਜੀਵਨ ਨਾਲ ਪੂਰਨ ਤੌਰ 'ਤੇ ਜੁੜੀ ਹੋਈ ਹੈ। ਇਸ ਵਿਚ ਖੁਸ਼ੀ ਅਤੇ ਗਮੀ ਦੀ ਰਸਮ, ਨਿਰਧਾਰਤ ਸ਼ਬਦ ਕੀਰਤਨ ਦੁਆਰਾ ਸੰਪੰਨ ਹੁੰਦੀ ਹੈ। ਵਿਆਹ ਦੀ ਰਸਮ ਦੌਰਾਨ ਜਦੋਂ ਲੜਕੇ ਵਾਲੇ ਲੜਕੀ ਦੇ ਘਰ ਜਾਂਦੇ ਹਨ ਤਾਂ ਮਿਲਣੀ ਸਮੇਂ ਲੜਕੀ ਵਾਲਿਆਂ ਵਲੋਂ 'ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ' ਸ਼ਬਦ ਨੂੰ ਬਿਨਾਂ ਸਾਜ਼ ਤੋਂ ਗਾਇਨ ਕਰਨ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਜਿਹੇ ਛੰਤ ਮਿਲਦੇ ਹਨ ਜਿਨ੍ਹਾਂ ਦਾ ਵਿਆਹ ਦੀ ਰਸਮ ਵੇਲੇ ,ਉਚਾਰਨ ਦੇ ਨਾਲ ਪਰਕਰਮਾ ਲੈ ਕੇ ਰਸਮ ਪੂਰਨ ਹੁੰਦੀ ਹੈ। ਇਨ੍ਹਾਂ ਛੰਤਾਂ ਨੂੰ 'ਲਾਂਵ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਪਰ ਬਾਣੀ ਵਿਚ ਲਾਂਵ ਸਿਰਲੇਖ ਨਹੀਂ ਹੈ। ਇਨ੍ਹਾਂ ਛੰਤਾਂ ਦਾ ਲਾਂਵ ਕ੍ਰਮ ਨਾਲ ਆਰੰਭ ਅਤੇ ਸਮਾਪਤੀ ਹੁੰਦੀ ਹੈ। ਇਸੇ ਤਰ੍ਹਾਂ ਮੁੰਦਾਵਣੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਸਮੇਂ ਅਤੇ ਰੋਜ਼ਾਨਾ ਸ਼ਾਮ ਨੂੰ ਰਹਿਰਾਸ ਪਾਠ ਦੇ ਵਿਚ ਬਿਨ੍ਹਾਂ ਸਾਜ਼ ਤੋਂ ਸਾਮੂਹਿਕ ਰੂਪ ਵਿਚ ਗਾਇਨ ਕਰਨ ਦੀ ਪਰੰਪਰਾ ਹੈ। ਸਿੱਖ ਜਗਤ ਵਿਚ ਰਾਤ ਨੂੰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਉਪਰੰਤ ਮਹਾਰਾਜ ਦੀ ਸਵਾਰੀ ਨੂੰ ਵਿਸ਼ਰਾਮ ਵਾਲੇ ਸਥਾਨ ਤੇ ਲਿਜਾਂਦੇ ਸਮੇਂ 'ਜਿਥੈ ਜਾਇ ਬਹੈ ਮੇਰਾ ਸਤਿਗੁਰੂ' ਛੰਤ ਦਾ ਗਾਇਨ ਲੋਕ ਅੰਗ ਤੋਂ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਕੀਰਤਨ ਲਈ ਰੁੱਤ ਅਤੇ ਮਹੀਨੇ ਦਾ ਵੀ ਵਿਸ਼ੇਸ਼ ਮਹੱਤਵ ਹੈ। ਬਸੰਤ ਰੁੱਤ ਵਿਚ ਬਸੰਤ ਦਾ ਵਿਸ਼ੇਸ਼ ਸਥਾਨ ਹੈ। ਪਰੰਪਰਾ ਅਨੁਸਾਰ ਮਾਘੀ ਦੀ ਸੰਗਰਾਂਦ ਦੇ ਦਿਹਾੜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਸਾਹਿਬ ਰਾਗੀ ਸਿੰਘਾਂ ਨੂੰ ਫੁੱਲ ਭੇਂਟ ਕਰਕੇ ਬਸੰਤ ਰਾਗ ਖੋਲ੍ਹਣ ਦੀ ਬੇਨਤੀ ਕਰਦੇ ਹਨ। ਇਸ ਦਿਨ ਤੋਂ ਹਰ ਕੀਰਤਨ ਚੌਕੀ ਵਿਚ ਬਸੰਤ ਰਾਗ ਖੁਸ਼ੀਆਂ ਦਾ ਭਰਿਆ, ਖੇੜਾ ਲਿਆਉਣ ਵਾਲਾ ਰਾਗ ਹੈ ਪਰ ਇਸ ਨੂੰ ਇਨ੍ਹਾਂ ਦਿਨਾਂ ਵਿਚ ਚਾਹੇ ਖ਼ੁਸ਼ੀ ਹੋਵੇ ਜਾਂ ਗਮੀ,ਹਰ ਸਮਾਗਮ 'ਤੇ ਸ਼ਾਸਤਰੀ ਅੰਗ ਤੋਂ ਬਸੰਤ ਰਾਗ ਵਿਚ ਸ਼ਬਦ ਅਤੇ ਲੋਕ ਅੰਗ ਤੋਂ ਪਉੜੀ ਲਗਾਉਣ ਦੀ ਮਰਿਆਦਾ ਹੈ। ਸਾਵਣ ਮਹੀਨੇ ਵਿਚ ਮਲਾਰ ਰਾਗ ਦਾ ਰਾਜ ਹੁੰਦਾ ਹੈ। ਇਸ ਦਾ ਆਰੰਭ ਸਾਵਣ ਦੀ ਸੰਗਰਾਂਦ ਦੇ ਦਿਹਾੜੇ ਕੀਤਾ ਜਾਂਦਾ ਹੈ ਅਤੇ ਸਾਰਾ ਮਹੀਨਾ ਬਸੰਤ ਰਾਗ ਦੀ ਤਰ੍ਹਾਂ ਹਰ ਕੀਰਤਨ ਚੌਕੀ ਵਿਚ ਮਲਾਰ ਰਾਗ ਵਿਚ ਸ਼ਾਸਤਰੀ ਅੰਗ ਤੋਂ ਸ਼ਬਦ ਅਤੇ ਲੋਕ ਅੰਗ ਤੋਂ ਪਉੜੀ ਲਗਾਉਣ ਦੀ ਪਰੰਪਰਾ ਹੈ।

ਲੋਕ ਸ਼ੈਲੀਆਂ ਦੇ ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਜਿਥੇ ਬਾਣੀ ਸੰਗੀਤ ਵਿਧਾਨ ਦੇ ਅੰਤਰਗਤ ਲੋਕ ਗਾਇਨ ਸ਼ੈਲੀਆਂ ਦੀ ਇਹ ਦੀਰਘ ਪਰੰਪਰਾ ਮੌਜੂਦ ਹੈ ਉਥੇ ਵਿਵਹਾਰਕ ਅਤੇ ਟਕਸਾਲੀ ਗਾਇਨ ਪਰੰਪਰਾ ਵੀ ਜੋ ਕਿ ਮਨੁੱਖੀ ਜੀਵਨ ਜਾਂਚ ਨਾਲ ਜੁੜੀ ਹੋਈ ਹੈ, ਉਹ ਵੀ ਵਿਸ਼ੇਸ਼ ਹੈ। ਗਾਇਨ ਦੀ ਇਹ ਮੌਲਿਕ ਵਿਧੀ ਬਾਣੀ ਵਿਧਾਨ ਅਨੁਸਾਰ ਹੀ ਮੂਲ ਪ੍ਰਯੋਜਨ ਭਾਵ 'ਸ਼ਬਦ' ਦੇ ਸੰਚਾਰ ਲਈ ਕਾਰਜਸ਼ੀਲ ਹੁੰਦੀਆਂ ਹਨ।

ਹਵਾਲੇ ਅਤੇ ਟਿਪਣੀਆਂ


੧. ਬੇਦੀ, ਸੋਹਿੰਦਰ ਸਿੰਘ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਪੰਨਾ ੨੫੮

੨. ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਚੌਥਾ) ਪੰਨਾ ੧੪੧

੩. ਪੈਂਤਲ ਗੀਤਾ, ਪੰਜਾਬ ਕੀ ਸੰਗੀਤ ਪਰੰਪਰਾ ਪੰਨਾ ੪੩

੪. ਗੁਰੂ ਨਾਨਕ ਦਰਸ਼ਨ ਅਤੇ ਕਾਵਿ ਕਲਾ, (ਸੰਪਾ: ਡਾ.ਸੁਰਿੰਦਰ ਸਿੰਘ ਕੋਹਲੀ, ਪੰਨਾ ੩੧੧)



ਐਸੋਸੀਏਟ ਪ੍ਰੋਫੈਸਰ,ਸਰਕਾਰੀ ਕਾਲਜ਼ ਰੋਪੜ।


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਭਗਤ ਨਾਮਦੇਵ ਬਾਣੀ ਦਾ ਸ਼ਿਲਪ ਵਿਧਾਨ

(ਅਲੰਕਾਰਾਂ ਦੀ ਵਰਤੋਂ ਦੇ ਪ੍ਰਸੰਗ ਵਿੱਚ)

ਡਾ. ਜਸਕਿਰਨ ਕੌਰ

ਭਗਤ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਅਨਿਖੜਵਾਂ ਅੰਗ ਹੈ। ਇਸ ਦੀ ਉਪਯੋਗਤਾ ਨਾ ਸਿਰਫ ਇਸ ਕਰਕੇ ਹੈ ਕਿ ਇਹ ਸਮਾਜ ਦੇ ਬਹੁਦ ਨਿਮਾਣੇ ਤੇ ਨਿਤਾਣੇ ਪੁਰਖਾਂ ਨੂੰ ਰਾਜ ਸਿੰਘਾਸਨਾਂ ਤੇ ਬਿਰਾਜਮਾਨ ਅਤੇ ਉੱਚ ਕੋਟੀ ਦੇ ਗਿਆਨੀ ਪੁਰਖਾਂ ਨਾਲ ਬਰਾਬਰਤਾ ਦਾ ਦਰਜਾ ਦਿਵਾਉਂਦੀ ਹੈ। ਬਲਕਿ ਉਹਨਾਂ ਦੇ ਰੱਬੀ ਅਨੁਭਵ ਕਰਕੇ ਪੂਜਨੀਕ ਦੈਵੀ ਪੁਰਖਾਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ। ਭਗਤ ਬਾਣੀ ਰਹੱਸਵਾਦ ਦਾ ਹੜ੍ਹ ਲਿਆਉਣ ਵਰਗਾ ਮਾਹੌਲ ਪੈਦਾ ਕਰਦੀ ਹੈ। ਇਸ ਹੜ੍ਹ ਦੇ ਕਲਾਵੇ ਵਿੱਚ ਆਉਣ ਵਾਲਾ ਕੋਈ ਵੀ ਜੀਵ ਰੱਬੀ ਅਨੁਭਵ ਦੀਆਂ ਸੂਖਮ ਜੁਗਤੀਆਂ ਤੋਂ ਜਾਣੂ ਹੋਏ ਬਿਨ੍ਹਾਂ ਕਿਵੇਂ ਰਹਿ ਸਕਦਾ ਹੈ। ਭਗਤ ਬਾਣੀ ਉਹਨਾਂ ਸੂਖਮ ਰਾਹਾਂ ਬਾਰੇ ਚੇਤਨਾ ਅਤੇ ਮਾਰਗ ਦਰਸ਼ਨ ਕਰਦੀ ਹੈ, ਜਿਨ੍ਹਾਂ ਨੂੰ ਰਹੱਸਵਾਦ ਦੀ ਬੁਨਿਆਦ ਮੰਨਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਧੇਰੇ ਹੈ ਅਤੇ ਭਗਤਾਂ ਦੀ ਬਾਣੀ ਵਿੱਚੋਂ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ। ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਤਬਤੀਬ ਵਿੱਚੋਂ ਭਗਤ ਕਬੀਰ ਦੀ ਬਾਣੀ ਸਭ ਤੋਂ ਪਹਿਲਾਂ ਹੈ। ਉਸ ਤੋਂ ਪਿੱਛੋਂ ਨਾਮਦੇਵ, ਰਵਿਦਾਸ, ਤ੍ਰਿਲੋਚਨ, ਜੈਦੇਵ, ਪਰਮਾਨੰਦ, ਸਧਨਾ, ਬੇਣੀ, ਰਾਮਾਨੰਦ, ਧੰਨਾ, ਪੀਪਾ, ਸੈਣ, ਭੀਖਣ, ਸੂਰਦਾਸ ਅਤੇ ਸ਼ੇਖ ਫਰੀਦ ਦੀ ਬਾਣੀ ਆਉਦੀ ਹੈ। ਭਗਤਾਂ ਦੀ ਸਮਾਜ ਨੂੰ ਦੇਣ ਦੇ ਫਲਸਰੂਪ ਅੱਜ ਇਨ੍ਹਾਂ ਭਗਤਾਂ ਨੂੰ ਗੁਰੂ ਸਾਹਿਬਾਨਾਂ ਵਾਂਗ ਉੱਚਾ ਮਰਤੱਬਾ ਅਤੇ ਸਨਮਾਨਯੋਗ ਸਥਾਨ ਹੈ। ਪਰ ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਕਾਲਾਂ ਵਿੱਓ ਉੱਚ ਤੇ ਕੁਲੀਨ ਵਰਗਾਂ ਨੇ ਇਨ੍ਹਾਂ ਨੂੰ ਆਪਣੇ ਉਦੇਸ਼ ਤੋਂ ਭਟਕਾਉਣ ਅਤੇ ਅਪਮਾਨਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀਜਾ ਸਕਦੀ। ਭਗਤ ਨਾਮਦੇਵ ਜੀ ਨੂੰ ਨੀਵੀ ਜਾਤੀ ਨਾਲ ਸੰਬੰਧਿਤ ਹੋਣ ਕਾਰਨ ਮੰਦਰ ਵਿੱਚੋਂ ਕੱਢ ਦਿੱਤਾ ਗਿਆ, ਭਗਤ ਰਵਿਦਾਸ ਅਤੇ ਭਗਤ ਕਬੀਰ ਨਾਲ ਵੀ ਲੋਕਾਂ ਦੁਆਰਾ ਬੁਰਾ ਵਿਵਹਾਰ ਕੀਤਾ ਗਿਆ। ਸ਼ਾਇਦ ਇਸੇ ਕਾਰਨ ਕਰਕੇ ਇਨ੍ਹਾਂ ਦੀ ਰਚਨਾ ਵਿੱਚ ਕ੍ਰਾਂਤੀਕਾਰੀ ਅੰਸ਼ ਮਿਲਦਾ ਹੈ। ਵਿਸ਼ੇਸ਼ ਕਰਕੇ ਭਗਤ ਨਾਮਦੇਵ ਅਤੇ ਭਗਤ ਕਬੀਰ ਦੀ ਰਚਨਾ ਵਿੱਚ ਤਾਂ ਇਹ ਭਰਪੂਰ ਮਾਤਰਾ ਵਿੱਚ ਵਿਦਮਾਨ ਹੈ। ਇਹਨਾਂ ਨੇ ਵੇਦ ਪੁਰਾਣਾਂ ਦੇ ਵਿਚਾਰਾਂ ਨੂੰ ਰੱਦ ਨਾ ਕਰਕੇ ਉਹਨਾਂ ਦੀ ਸਮਕਾਲੀ ਸਮੇਂ ਅਨੁਸਾਰ ਵਿਆਖਿਆ ਕੀਤੀ ਅਤੇ ਨਵੇਂ ਰੂਪ ਵਿੱਚ ਰੂਪਾਂਤਰਿਤ ਕਰਕੇ ਨਵਾਂ ਕਾਰਜ ਕੀਤਾ ਜੋ ਇਹਨਾਂ ਦੀ ਬਾਣੀ ਵਿੱਚੋਂ ਸਪੱਸ਼ਟ ਹੁੰਦਾ ਹੈ।

ਭਗਤ ਨਾਮਦੇਵ-ਬਾਣੀ ਦਰਜੇਬੰਦ ਸਮਾਜਿਕ ਪ੍ਰਬੰਧ ਵਿਰੁੱਧ ਇਕ ਵੰਗਾਰਵਾਂ ਦਲਿਤ ਉਚਾਰ ਹੈ। ਇਹ ਬਾਣੀ ਸੱਚੀ ਮਾਨਵਤਾ, ਬਰਾਬਰੀ, ਉੱਤਮ ਨੈਤਿਕਤਾ ਅਤੇ ਉੱਚੇ ਮਨੁੱਖੀ ਗੁਣਾਂ ਆਧਾਰਿਤ ਨਵੀਂ ਵਿਚਾਰਧਾਰਾ ਅਤੇ ਜ਼ਿੰਦਗੀ ਦੀ ਵੱਖਰੀ ਮਾਨਵ-ਹਿਤੈਸ਼ੀ ਉਸਾਰੀ ਕਰਨ ਦੀ ਚਾਹਵਾਨ ਹੈ। ਸਥਾਪਤੀ ਦੀ ਉਚ-ਨੀਚ ਦੀ ਧਾਰਨਾ ਦੀ ਨਾਮਦੇਵ-ਬਾਣੀ ਕੱਟੜ ਵਿਰੋਧੀ ਹੈ। ਭਗਤ ਨਾਮਦੇਵ ਜੀ ਨੇ ਸਮਕਾਲੀ ਸਮੇਂ ਦੀ ਭੇਖ ਪੇ ਪਖੰਡ ਭਰੀ ਸੋਚ ਦਾ ਖੰਡਨ ਕੀਤਾ ਅਤੇ ਲੋਕਾਂ ਨੂੰ ਨਵੀਂ ਜੀਵਨ ਜਾਚ ਭਾਵ ਭੇਦ ਭਾਵ ਰਹਿਤ ਜੀਵਨ ਜਿਉਣ ਦੀ ਪ੍ਰੇਰਨਾ ਦੇ ਕੇ ਸਰਵ ਸਾਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਭਗਤ ਨਾਮਦੇਵ ਜੀ ਦੀ ਸ਼ਿਲਪ-ਵਿਧਾਨ ਪੱਖੋਂ ਵੀ ਦੇਣ ਮਹੱਤਵਪੂਰਨ ਹੈ। ਉਹਨਾਂ ਦੀ ਬਾਣੀ ਵਿੱਚ ਅਲੰਕਾਰਾਂ ਦੀ ਕਾਫੀ ਪ੍ਰਯੋਗ ਹੋਇਆ ਜੋ ਉਹਨਾਂ ਦੀ ਕਲਾ ਪ੍ਰਬੀਨਤਾ ਦੀ ਗਵਾਹੀ ਭਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,"ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਉਹ ਰੀਤਿ, ਜੋ ਕਾਵਯ ਦੀ ਸ਼ੌਭਾ ਵਧਾਵੇ" ਅਲੰਕਾਰ ਹੈ। ਅਲੰਕਾਰ ਸਿਰਫ ਬਾਣੀ ਸਜਾਵਣ ਵਾਸਤੇ ਹੀ ਨਹੀਂ ਹਨ, ਉਹ ਭਾਵ ਦੀ ਅਭਿਵਿਅਕਤੀ

ਵਾਸਤੇ ਵਿਸ਼ੇਸ਼ ਦੁਆਰ ਹਨ। ਭਾਸ਼ਾ ਦੀ ਪੁਸ਼ਟੀ ਵਾਸਤੇ, ਰਾਗ ਦੀ ਪਰੀਪੂਰਣਤਾ ਵਾਸਤੇ ਆਵੱਸ਼ਕ ਉਪਾਦਾਨ ਹਨ। ਉਹ ਬਾਣੀ ਦੀ ਆਚਾਰ ਵਿਹਾਰ ਅਤੇ ਰੀਤੀ ਨੀਤੀ ਹਨ। ਭਿੰਨ ਸਥਿਤੀਆਂ ਵਿੱਚ ਭਿੰਨ ਅਵਸਥਾਵਾਂ ਦੇ ਭਿੰਨ ਚ੍ਰਿਤ ਹਨ। ਅਲੰਕਾਰਾਂ ਦੀ ਕੋਈ ਸੀਮਾ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ ਸਮੇਂ ਸਮੇਂ ਇਹਨਾਂ ਦੀ ਗਿਣਤੀ ਵਧਦੀ-ਘਟਦੀ ਰਹੀ ਹੈ। ਮੋਟੇ ਤੌਰ ਤੇ ਅਲੰਕਾਰਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ। ਸ਼ਬਦ ਅਲੰਕਾਰ ਉਹ ਅਲੰਕਾਰ ਜਿਹੜੇ ਖਾਲੀ ਸ਼ਬਦ ਉੱਤੇ ਹੀ ਨਿਰਭਰ ਹਨ, ਉਸ ਖਾਸ ਸ਼ਬਦ ਦੇ ਹਟਾਏ ਜਾਣ ਜਾਂ ਬਲਦੇ ਜਾਣ ਉਪਰੰਤ ਉਹ ਅਲੰਕਾਰ ਖਤਮ ਹੋ ਜਾਂਦਾ ਹੈ।ਅਰਥ ਅਲੰਕਾਰ ਅਰਥਾਂ ਉੱਤੇ ਟਿਕਿਆ ਰਹਿੰਦਾ ਹੈ। ਸ਼ਬਦਾਰਥ ਅਲੰਕਾਰ ਦਾ ਸੰਬੰਧ ਸ਼ਬਦ ਅਤੇ ਅਰਥ ਦੋਹਾਂ ਨਾਲ ਰਹਿੰਦਾ ਹੈ। ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਵਿਚਾਰਾਂ ਦੇ ਤੀਖਣ ਪ੍ਰਗਟਾਓ ਲਈ ਵੰਨ-ਸੁਵੰਨੇ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ ਜਿਹਨਾਂ ਦਾ ਵਰਣਨ ਇਸ ਪ੍ਰਕਾਰ ਹੈ:-

**ਅਨੁਪ੍ਰਾਤ :-** ਇਹ ਸ਼ਬਦ ਅੰਲਕਾਰ ਹੈ। ਜਿੱਥੇ ਅੱਖਰਾਂ ਦੀ ਅਰਥਾਤ ਵਿਅੰਜਨਾ ਦੀ ਸਮਾਨਤਾ ਹੋਵੇ। ਭਾਵੇਂ ਸਵਰਾਂ ਦੀ ਸਮਾਨਤਾ ਹੋਵੇ ਜਾਂ ਨਾ ਉਥੇ ਅਨੁਪ੍ਰਾਤ ਅਲੰਕਾਰ ਹੁੰਦਾ ਹੈ,

ਕਉਨ ਕੋ ਕਲੰਕ ਰਹਿਓ ਰਾਮ ਨਾਮੁ ਲੇਤ ਹੀ ॥
ਪਤਿਤ ਪਾਵਨ ਭਏ ਰਾਮ ਕਹਤ ਹੀ ॥੧॥ ਰਹਾਉ ॥ (ਅੰਗ-718)

**ਛੇਕਾਨੁਪ੍ਰਾਸ :-** ਜੇ ਇੱਕ ਅੱਖਰ ਪਦਾਂ ਦੇ ਆਦਿ ਅਤੇ ਮਧ ਅਨੇਕ ਵਾਰ ਪਦਾਂ ਤੇ ਆਵੇ, ਤਦ ਛੇਕਾਲੰਕਾਰ ਅਨੁਪ੍ਰਾਸ ਦਾ ਹੀ ਇੱਕ ਭੇਦ ਹੈ।

(ੳ) ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠਲਾ ॥ (ਅੰਗ -693)
(ਅ) ਪਹਿਲ ਪੁਰੀਏ ਪੁਡੰਰਕ ਵਨਾ ॥ (ਅੰਗ- 693)
(ੲ) ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥ (ਅੰਗ -1351)

**ਵੀਪਸਾ:** ਜਿਥੇ ਆਦਰ, ਘ੍ਰਿਣਾ ਆਦਿ ਕਿਸੇ ਆਕਸਮਿਕ ਭਾਵ ਨੂੰ ਪ੍ਰਭਾਵਿਤ ਕਰਨ ਲਈ ਸ਼ਬਦਾਂ ਦੀ ਆਵ੍ਰਿਤੀ ਕੀਤੀ ਜਾਵੇ ਉਥੇ ਇਹ ਅਲੰਕਾਰ ਹੁੰਦਾ ਹੈ

(ੳ) ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥
ਝੂਠ ਝੂਠ ਝੂਠ ਝੂਠ ਝੂਠ ਆਨ ਸਭ ਸੇਵ ॥ ਰਹਾਉ ॥ (ਅੰਗ-1166)
(ਅ) ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥ (ਅੰਗ-1164)

**ਵ੍ਰਿਤਿਆਨੁਪ੍ਰਾਸਾਲੰਕਾਰ:-** ਇੱਕੋ ਅੱਖਰ ਜੇ ਅਨੇਕਵਾਰ ਪਦਾਂ ਦੇ ਅੰਤ ਆਵੇ ਅਤੇ ਪਦਾਂ ਦਾ ਵਚਨ ਸਮਾਨ ਹੋਵੇ ਤਾਂ ਵ੍ਰਿਤਿਆਨੁਪ੍ਰਾਸਾਲੰਕਾਰ ਹੁੰਦਾ ਹੈ। ਇਹ ਅਲੰਕਾਰ ਵੀ ਅਨੁਪ੍ਰਾਸ ਅਲੰਕਾਰ ਦੀ ਇੱਕ ਵੰਨਗੀ ਹੈ। ਭਗਤ ਨਾਮਦੇਵ ਬਾਣੀ ਵਿੱਚੋਂ ਇਸ ਦੀਆਂ ਉਦਹਾਰਣਾ ਇਸ ਪ੍ਰਕਾਰ ਹਨ:-

(ੳ) ਅਸਗਾ ਆਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥ (ਅੰਗ-693)
(ਅ) ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥ (ਅੰਗ -694)

**ਉਪਮਾ:-** ਇਹ ਅਰਥ ਅਲੰਕਾਰ ਹੈ। ਇਹ ਉਹ ਅਲੰਕਾਰ ਹੈ ਜਿਥੇ ਉਪਮਾਉਣ ਯੋਗ ਵਸਤੂ ਅਤੇ ਉਪਮਾਨ ਵਿਚਕਾਰ ਉਨ੍ਹਾਂ ਵਿੱਚ ਫਰਕ ਹੋਣ ਦੇ ਵੀ, ਕਿਸੇ ਸਮਾਨ ਧਰਮ ਦੇ ਕਾਰਨ ਸਮਾਨਤਾ ਦਰਸਾਈ ਜਾਂਦੀ ਹੈ। ਉਪਮਾ ਅਲੰਕਾਰ ਵਿੱਚ ਚਾਰ ਅੰਗ ਉਪਮਾਨ, ਉਪਮੇਯ, ਧਰਮ ਅਤੇ ਵਾਚਕ ਹੁੰਦੇ ਹਨ।

(ੳ) ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮ ਏਕੁ ਕਰਿ ਜਾਨਿਆ ॥ (ਅੰਗ-657)
(ਅ) ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥
ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਾਰਾਇਣ ॥ (ਅੰਗ-1164)

(ੲ) ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥
ਕਾਮੀ ਪੁਰਖ ਕਾਮਨੀ ਪਿਆਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥ (ਅੰਗ-1164)

**ਰੂਪਕ:-** ਉਪਮਾਨ ਅਤੇ ਉਪਮੇਯ ਇੱਕੋ ਹੀ ਰੂਪ ਹੋਣ ਅਰਥਾਤ ਦੋਹਾਂ ਦੀ ਸਮਾਨਤਾ ਦਿਖਾਈ ਜਾਵੇ ਉੱਥੇ ਰੂਪਕ ਅਲੰਕਾਰ ਹੁੰਦਾ ਹੈ। ਕਹਿਣ ਦਾ ਭਾਵ ਹੈ ਕਿ ਚਰਚਾ ਅਧੀਨ ਵਸਤੂ ਨੂੰ ਕਿਸੇ ਹੋਰ ਵਸਤੂ ਦਾ ਰੂਪ ਹੀ ਤਸੱਵਰ ਕਰ ਲਿਅ ਜਾਵੇ । ਭਗਤ ਨਾਮਦੇਵ ਬਾਣੀ ਵਿੱਚ ਇਸ ਦੀਆਂ ਉਦਹਾਰਨਾਂ ਇਸ ਪ੍ਰਕਾਰ ਹਨ:-

(ੳ) ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥ ਮਪਿ ਮਪਿ ਕਾਟਉ ਜਮ ਕੀ ਫਾਸੀ ॥ (ਅੰਗ-485)

(ਅ) ਸੁਇਨੇ ਦੀ ਸੂਈ ਰੁਪੇ ਕਾ ਧਾਗਾ ॥ ਨਾਮੇ ਕ ਚਿਤੁ ਹਰਿ ਸਉ ਲਾਗਾ ॥ (ਅੰਗ-485)

**ਉਲੇਖ:-** ਇਹ ਹੀ ਵਸਤੂ ਨੂੰ ਕਈ ਲੋਕ ਆਪਣੀ ਆਪਣੀ ਭਾਵਨਾ ਅਨੁਸਾਰ ਜੋ ਵੱਖਰੇ ਵੱਖਰੇ ਰੂਪ ਕਲਪਣ ਤਦ ਉਲੇਖ ਅਲੰਕਾਰ ਹੁੰਦਾ ਹੈ ਜਿਵੇ:-

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥ ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਆਧਾਰਾ॥੧॥ ਰਹਾਉ
ਕਰੀਮਾਂ ਰਹੀਮਾਂ ਅਲਾਹ ਤੂ ਗਨੀ॥ ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ॥੧॥
ਦਰੀਆਉ ਤੂ ਦਿਹੰਦ ਤੂ ਬਿਸੀਅਰ ਤੂ ਧਨੀ॥ ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ॥੨॥
ਤੂ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ॥ ਨਾਂਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥ ਰਹਾਉ (ਅੰਗ-727)

ਇਥੇ ਪ੍ਰਮਾਤਮਾ ਦੇ ਅਨੇਕਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ।

**ਦ੍ਰਿਸ਼ਟਾਂਤ :-** ਜਦੋਂ ਕਿਸੇ ਵਸਤੂ ਦਾ ਪੂਰਾ ਗਿਆਨ ਕਰਵਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦੀ ਮਿਸਾਲ ਦਿੱਤੀ ਜਾਵੇ ਉਥੇ ਦ੍ਰਿਸ਼ਤਾਂਟ ਅਲੰਕਾਰ ਹੁੰਦਾ ਹੈ। ਭਗਤ ਨਾਮਦੇਵ ਜੀ ਨੇ ਵੱਖ ਵੱਖ ਦ੍ਰਿਸ਼ਟਾਂਤ ਵਰਤ ਕੇ ਬੀਠਲ (ਪ੍ਰਮਾਤਮਾ) ਪ੍ਰਤੀ ਆਪਣਾ ਪ੍ਰੇਮ ਵਿਅਕਤ ਕੀਤਾ ਹੈ:-

(ੳ) ਜਿਉ ਤੁਰਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਇਆ॥
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਮਾਇਆ॥
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਚੁਲਾ॥
ਸਗਲ ਭਵਨ ਤੇਰੋ ਨਾਮ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ॥

(ਅ) ਜਿਉ ਧਰਣੀ ਕਉ ਇੰਦ੍ਰ ਬਾਲਾਹਾ ਕੁਸਮ ਬਾਸੁ ਜੈਸੇ ਭਵਰਲਾ॥
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੇ ਮਨਿ ਰਾਮਇਆ॥ (ਅੰਗ-693)

ਇਨ੍ਹਾਂ ਤੁਕਾਂ ਵਿੱਚ ਪਹਿਲੀ ਪੰਕਤੀ ਦ੍ਰਿਸ਼ਟਾਂਤ ਅਰਥਾਤ ਉਦਹਾਰਣ ਹੈ, ਜਿਸ ਦਾ ਪ੍ਰਤੀਬਿੰਬ ਹਰ ਦੂਜੀ ਪੰਕਤੀ ਵਿੱਚ ਪੈਂਦਾ ਹੈ।

**ਵਿਰੋਧਮੂਲਕ :-** ਇਸ ਨੂੰ ਵਿਰੋਧਭਾਸ ਵੀ ਕਹਿੰਦੇ ਹਨ। ਜਿੱਥੇ ਯਥਾਰਥ ਵਿੱਚ ਵਿਰੋਧ ਨਾ ਹੋ ਕੇ ਵਿਰੋਧ ਦੇ ਆਭਾਸ ਦਾ ਵਰਣਨ ਹੋਵੇ ਉਥੇ ਇਹ ਅਲੰਕਾਰ ਹੁੰਦਾ ਹੈ। ਭਗਤ ਨਾਮਦੇਵ ਬਾਣੀ ਵਿੱਚ ਇਸ ਅਲੰਕਾਰ ਦਾ ਵਰਣਨ ਮਿਲਦਾ ਹੈ।

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਣ ਸੁਨਣ ਕਉ ਦੂਜਾ॥ (ਅੰਗ -1252)

**ਵਿਭਾਵਨਾ :-** ਕਾਰਨ ਦੇ ਨਾ ਕਹਿਣ ਉੱਤੇ ਵੀ ਕਾਰਜ ਦੀ ਉਸਾਰੀ ਦੀ ਉਤਪੱਤੀ ਕਰਾਣੀ ਵਿਭਾਵਨਾ ਅਲੰਕਾਰ ਹੈ। ਉਦਹਾਰਣ ਇਸ ਪ੍ਰਕਾਰ ਹੈ।

ਅਣਮੜਿਆ ਮੰਦਲੁ ਬਾਜੈ॥ ਬਿਨ ਸਾਵਨ ਘਨਹਰੁ ਗਾਜੈ॥

ਬਾਦਲ ਬਿਨੁ ਵਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥ (ਅੰਗ-657)

**ਦੀਪਕ:-** ਸਦ੍ਰਿਸ਼ਟਤਾ ਮੂਲਕ ਅਰਥ ਅਲੰਕਾਰ, ਜਿਸ ਵਿੱਚ ਉਪਮੇਯ ਅਤੇ ਉਪਮਾਨ ਦਾ ਇੱਕ ਧਰਮ ਕਥਨ ਕੀਤਾ ਜਾਏ। ਇਸ ਅਲੰਕਾਰ ਦੀ ਕਲਪਨਾ ਦੀਪਕ ਨਿਆਇ ਦੀਆਂ ਲੀਹਾਂ ਤੇ ਕੀਤੀ ਗਈ ਹੈ। ਦੀਪਕ ਆਪਣੀਆਂ ਆਸ ਪਾਸ ਦੀਆਂ ਵਸਤੂਆਂ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸੇ ਤਰ੍ਹਾਂ ਦੀਪਕ ਅਲੰਕਾਰ ਵਿੱਚ ਵੀ ਇੱਕ ਧਰਮ ਉਪਮੇਯਾਂ ਅਤੇ ਉਪਮਾਨਾਂ ਨਾਲ ਸੰਬੰਧ ਰੱਖਦਾ ਹੈ। ਇਹ ਅਤਿਅੰਤ ਪ੍ਰਾਚੀਨ ਅਲੰਕਾਰ ਹੈ। ਭਗਤ ਨਾਮਦੇਵ ਬਾਣੀ ਵਿੱਚ ਇਸ ਦੀ ਉਦਹਾਰਣ ਵਾਚਦੇ ਹਾਂ:-

ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ॥
ਆਪਹਿ ਨਾਮਦੇਉ ਤੂੰ ਮੇਰੋ ਠਾਕਰੁ ਜਨ ਊਰਾ ਤੂ ਪੂਰਾ॥ (ਅੰਗ-1252)

**ਵਕ੍ਰੋਕਤੀ :-** ਇਹ ਬਿਆਨ ਅਤੇ ਸ਼ੈਲੀ ਦਾ ਵਿਸ਼ੇਸ਼ ਅੰਦਾਜ ਹੈ ਗੱਲ ਨੂੰ ਇਉਂ ਵਲ ਪਾ ਕੇ ਕਹਿਣਾ ਕਿ ਅਰਥ ਹੋਰ ਨਿਕਲਣ ਪਰ ਹੋਣ ਪ੍ਰਭਾਵਸ਼ਾਲੀ॥ ਜਿਵੇਂ:-

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥ (ਅੰਗ-657)

**ਕਾਵਿ-ਲਿੰਗ :-** ਜਿੱਥੇ ਕਿਸੇ ਬਾਤ ਨੂੰ ਸਿੱਧ ਕਰਨ ਵਾਸਤੇ ਉਸਦਾ ਕਾਰਨ ਕਥਨ ਕੀਤਾ ਜਾਵੇ ਉਥੇ ਕਾਵਿ-ਲਿੰਗ ਅਲੰਕਾਰ ਹੁੰਦਾ ਹੈ ਉਦਹਾਰਣ ਵਜੋਂ:-

ਮਾਇ ਨ ਹੋਤੀ ਬਾਪੁ ਨਾ ਹੋਤਾ ਕਰਮੁ ਨਾ ਹੋਤੀ ਕਾਇਆ॥
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ॥
ਰਾਮ ਕੋਇ ਨਾ ਕਿਸ ਹੀ ਕੇਰਾ॥
ਜੈਸੇ ਤਰਵਰਿ ਪੰਖਿ ਬਸੇਰਾ ॥ ਰਹਾਉ॥

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਭਗਤ ਨਾਮਦੇਵ ਜੀ ਦੀ ਸ਼ਿਲਪ ਵਿਧਾਨ ਪੱਖੋਂ ਅਧਿਆਤਮਿਕ ਸਾਹਿਤ ਨੂੰ ਮਹੱਤਵਪੂਰਨ ਦੇਣ ਹੈ। ਉਨ੍ਹਾਂ ਦੀ ਸ਼ਿਲਪ ਕਲਾ ਵਿੱਚ ਵੰਨ-ਸੁਵੰਨੇ ਅਲੰਕਾਰਾਂ ਦੀ ਵਰਤੋਂ ਸਹਿਜ ਸੁਭਾਵਕ ਰੂਪ ਵਿੱਚ ਹੋਈ ਹੈ। ਜੋ ਉਨ੍ਹਾਂ ਦੀ ਕਲਾ-ਪ੍ਰਬੀਨਤਾ ਦੀ ਉਚਤਮ ਗਵਾਹੀ ਭਰਦੇ ਹਨ।

ਮਕਾਨ ਨੰ. 579, ਬੀ-12, ਕਾਮਰਾਨ ਰੋੜ
ਨੇੜੇ ਗੁਰਦੁਆਰਾ ਕਲਗੀਧਰ ਸਿੰਘ ਸਭਾ
ਲੁਧਿਆਣਾ - 141008

**ਹਵਾਲੇ ਅਤੇ ਟਿੱਪਣੀਆਂ**

1. ਨਾਨਕ ਪ੍ਰਕਾਸ਼ ਪਤ੍ਰਿਕਾ, ਅੰਕ ਦੂਜਾ, ਦਸੰਬਰ, 2008, ਪੰਨਾ - 187
2. ਮਹਾਨ ਕੋਸ਼, ਪੰਨਾ - 86
3. ਸੁਮਿੱਤ੍ਰਾ ਨੰਦਨ ਪੰਤ, ਭਾਰਤੀਯ ਕਾਵਯ ਸ਼ਾਸਤ੍ਰ ਦੀ ਪਰੰਪਰਾ, ਸੰਪਾਦਕ-ਨਗੇਂਦ੍ਰ ਪੰਨਾ 554
4. ਮਹਾਨ ਕੋਸ਼, ਪੰਨਾ-62
5. ਕਾਵਯ ਦਰਪਣ, ਪੰਨਾ-349
6. ਮਹਾਨ ਕੋਸ਼, ਪੰਨਾ-62
7. ਡਾ. ਜਸਵੰਤ ਬੇਗੋਵਾਲ, ਪਿੰਗਲ ਤੇ ਸਾਹਿਤ ਭੇਦ, ਪੰਨਾ-31
8. ਮਹਾਨ ਕੋਸ਼, ਪੰਨਾ-19
9. ਕਾਵਯ ਦਰਪਣ, ਪੰਨਾ-396
10. ਡਾ. ਗੁਰਸ਼ਰਨ ਕੌਰ ਜੱਗੀ, ਭਾਰਤੀ ਕਾਵਿ ਸ਼ਾਸਤਰ, ਪੰਨਾ 81
11. ਹਿੰਦੀ ਸਾਹਿਤਯ ਕੋਸ਼, ਪੰਨਾ 695
12. ਕਾਵਯ ਦਰਪਣ, ਪੰਨਾ-407

**ਪਿਛਲੇ ਅੰਕ ਦੀ ਬਾਕੀ (ਅੱਠਵੀਂ ਕੀਸ਼ਤ)**

ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।



# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ਼**

ਭਾਈ ਕਰਮ ਸਿੰਘ ਰਤਨ ਨੂੰ ਸੁਰੀਲਾ ਸੰਗੀਤ ਸੁਣਨ ਦਾ ਬਹੁਤ ਸ਼ੌਕ ਹੈ। ਆਪ ਜੀ ਨੇ ਬਹੁਤ ਸਾਰੇ ਰਾਗੀਆਂ ਦੇ ਨਾਲ ਕੀਰਤਨ ਕੀਤਾ ਪਰ ਸਭ ਤੋਂ ਵੱਧ ਪ੍ਰਭਾਵ ਭਾਈ ਸੰਤੋਖ ਸਿੰਘ ਜੀ ਦਾ ਹੀ ਕਬੂਲ ਕੀਤਾ। ਭਾਵੇਂ ਆਪ ਨੇ ਭਾਈ ਸੰਤੋਖ ਸਿੰਘ ਜੀ ਨੂੰ ਉਸਤਾਦ ਧਾਰਨ ਦੀ ਰਸਮ ਨਹੀਂ ਸੀ ਕੀਤੀ ਪਰ ਮਨ ਹੀ ਮਨ ਉਹਨਾਂ ਨੂੰ ਆਪਣਾ ਉਸਤਾਦ ਧਾਰ ਲਿਆ ਸੀ ਆਪ ਜੀ ਖੁਦ ਆਪ ਇਹ ਗੱਲ ਦੱਸਦੇ ਹਨ, ਕਿ ਭਾਈ ਸੰਤੋਖ ਸਿੰਘ ਦੇ ਨਾਲ ਰਹਿਣ ਤੋਂ ਪਹਿਲੇ ਵੀ ਮੈਂ ਆਪਣਾ ਜਥਾ ਬਣਾਇਆ ਸੀ ਪਰ ਉਦੋਂ ਮੈਨੂੰ ਕੋਈ ਪੁੱਛਦਾ ਹੀ ਨਹੀਂ ਸੀ, ਤੇ ਜਦੋਂ ਭਾਈ ਸੰਤੋਖ ਸਿੰਘ ਨਾਲੋਂ ਛੱਡ ਕੇ ਮੈ ਆਪਣਾ ਜਥਾ ਬਣਾਇਆ ਤਾਂ ਸਫਲਤਾ ਨੇ ਹਰ ਥਾਂ ਤੇ ਝੰਡੇ ਗੱਡ ਦਿੱਤੇ ਤੇ ਇਹਨਾਂ ਦੇ ਕੀਰਤਨ ਵਿੱਚ, 'ਰੱਸ ਤੇ ਕਲਾ' ਤੇ ਅਨੰਦ, ਤਿੰਨਾਂ ਦਾ ਸੁਮੇਲ ਹੋ ਗਿਆ। ਭਾਈ ਸੰਤੋਖ ਸਿੰਘ ਨਾਲ ਰਹਿਣ ਕਰਕੇ ਹੀ, ਉਹਨਾਂ ਦਾ ਗੁਣ ਇਹਨਾਂ ਨੂੰ ਆ ਗਿਆ, ਇਸ ਲਈ ਭਾਈ ਕਰਮ ਸਿੰਘ, ਭਾਈ ਸੰਤੋਖ ਸਿੰਘ ਜੀ ਨੂੰ ਪੂਰਾ ਉਸਤਾਦਾਂ ਵਾਲਾ ਮਾਣ ਤੇ ਸਤਿਕਾਰ ਦਿੰਦੇ ਸਨ,

ਭਾਈ ਸੰਤੋਖ ਸਿੰਘ ਜੀ ਨਾਲ ਛੱਡਣ ਤੋਂ ਬਾਅਦ ਜੋ ਸਫਲਤਾਵਾਂ ਭਾਈ ਕਰਮ ਸਿੰਘ ਨੇ ਪਾਈਆਂ ਤੇ ਜੋ ਜੋ ਖੂਬੀਆਂ ਇਨ੍ਹਾਂ ਵਿੱਚ ਆਈਆ ਉਹ ਦਾਸ ਅੱਗੇ ਲਿਖਣ ਦੀ ਕੋਸ਼ਿਸ਼ ਕਰੇਗਾ।

ਭਾਈ ਕਰਮ ਸਿੰਘ ਜੀ ਦੇ ਜਨਮ ਤਾਰੀਖ ਤੋਂ 28 ਦਸੰਬਰ 1937 ਤੋਂ ਲੈ ਕੇ ਜੂਨ 1969 ਤੱਕ ਦਾ ਵਿਚਲਾ ਸਮਾਂ, ਤਕਰੀਬਨ 32 ਸਾਲ ਆਪ ਜੀ ਦੇ ਸਘੰਰਸ਼ ਦਾ ਸਮਾਂ ਸੀ, ਜਿਸ ਵਿੱਚ ਆਪ ਜੀ ਨੇ ਆਪਣੇ ਜਨਮ ਤੋਂ ਲੈ ਕੇ ਸਾਰੀ ਕਹਾਣੀ ਆਪ ਜੀ ਨੇ ਖੁਦ ਕਵਿਤਾ ਵਿੱਚ ਲਿਖੀ ਹੈ, ਜਿਸ ਵਿੱਚ ਆਪ ਜੀ ਕਈ ਰਾਗੀਆਂ ਦੇ ਨਾਲ ਤਬਲੇ ਤੇ ਅਤੇ ਸਹਾਇਕ ਰਾਗੀ ਦਾ ਕੰਮ ਵੀ ਕੀਤਾ, ਤੇ ਆਪ ਜੀ ਨੇ ਕਈ ਗੁਰਦੁਆਰਿਆਂ ਵਿੱਚ ਡਾਲੀ ਵੀ ਉਗ੍ਰਾਹੀ, ਅਤੇ ਕਈ ਤਰ੍ਹਾਂ ਦੇ ਕਸ਼ਟ ਵੀ ਸਹਾਰੇ, ਅਤੇ ਗਰੀਬੀ ਵੀ ਬੜੀ ਵੇਖੀ, ਪਰ ਜਿਸ ਤਰ੍ਹਾਂ ਸੋਨਾਂ ਕੁਲਾਠੀ ਵਿੱਚ ਮਾਰ ਖਾ ਖਾ ਕੇ ਸ਼ੁੱਧ ਹੋ ਜਾਂਦਾ ਹੈ, ਅਤੇ ਉਹ ਚਮਕ ਕੇ ਕੀਮਤੀ

ਹੋ ਜਾਂਦਾ ਹੈ, ਇਸੇ ਤਰ੍ਹਾਂ ਆਪ ਜੀ ਤਰ੍ਹਾਂ ਤਰ੍ਹਾਂ ਦੇ ਦੁੱਖ ਝੱਲ ਕੇ ਰਤਨ ਵਰਗੇ ਹੋ ਗਏ ਅਤੇ ਆਪ ਜੀ ਨੇ ਅੱਤ ਦੀ ਗਰੀਬੀ ਅਤੇ ਕਸ਼ਟ ਝੱਲ ਕੇ ਵੀ ਆਪਣੇ ਆਪ ਨੂੰ ਲਿਖਾਰੀ, ਤੇ ਆਪਣੇ ਆਪ ਨੂੰ ਜੱਥੇਦਾਰ ਬਣਨ ਦੇ ਯੋਗ ਬਣਾਇਆ।

ਹੁਣ ਇਸ ਤੋਂ ਅਗਲਾ ਹਾਲ ਆਪ ਜੀ ਦੀ ਸਫਲਤਾ ਦਾ ਹੈ ਭਾਈ ਸੰਤੋਖ ਸਿੰਘ ਨੇ ਇਹਨਾਂ ਨੂੰ ਇਸ ਯੋਗ ਬਣਾ ਦਿੱਤਾ, ਕਿ ਆਪ  ਜੀ ਨੂੰ ਕੀਰਤਨ ਦੇ ਸਬੰਧ ਵਿੱਚ ਕਦੇ ਵੀ ਨਮੋਸ਼ੀ ਦਾ ਮੂੰਹ ਨਾਂ ਦੇਖਣਾ ਪਿਆ।

ਹੁਣ ਇਸ ਤੋਂ ਅਗਲਾ ਹਾਲ ਆਪ ਜੀ ਦੀ ਸਫਲਤਾ ਦਾ ਹੈ। ਭਾਈ ਸੰਤੋਖ ਸਿੰਘ ਨੇ ਇਹਨਾਂ ਨੂੰ ਇਸ ਯੋਗ ਬਣਾ ਦਿੱਤਾ ਕਿ ਆਪ ਜੀ ਨੂੰ ਕੀਰਤਨ ਦੇ ਸਬੰਧ ਵਿੱਚ ਕਦੇ ਵੀ ਨਮੋਸ਼ੀ ਦਾ ਮੂੰਹ ਨਾ ਵੇਖਣਾ ਪਵੇ। ਸੋ ਅਗਲੇ ਪਾਠਕ ਜਨ ਪੜ੍ਹਨਗੇ, ਆਪ ਜੀ ਇਸ ਤੋਂ ਬਾਅਦ ਜਿੱਥੇ ਵੀ ਗਏ, ਕਿਵੇਂ ਸਫਲਤਾ ਨੇ ਇਹਨਾਂ ਦਾ ਸਾਥ ਦਿੱਤਾ ਅਤੇ ਆਪ ਜੀ ਵਾਕਿਆ ਹੀ 'ਰਤਨ ' ਬਣ ਕੇ ਚਮਕੇ।

ਭਾਈ ਸੰਤੋਖ ਸਿੰਘ ਜੀ ਪਾਸੋਂ ਨੌਕਰੀ ਛੱਡਣ ਤੋਂ ਬਾਅਦ ਭਾਈ ਕਰਮ ਸਿੰਘ ਜੀ ਜੂਨ 1970 ਵਿੱਚ ਪਟਿਆਲੇ ਆ ਗਏ, ਕਿਉਂਕਿ ਪਿਤਾ ਜੀ ਉਸ ਸਮੇਂ ਗੁਰਦੁਆਰਾ ਮਾਡਲ ਟਾਊਨ ਪਟਿਆਲਾ ਵਿੱਚ ਗ੍ਰੰਥੀ ਦੀ ਸੇਵਾ ਨਿਭਾ ਰਹੇ ਸਨ ਤੇ ਪਿਤਾ ਜੀ ਪਾਸ ਆ ਕੇ ਫਿਰ ਜੂਨ ਤੋਂ ਲੈ ਕੇ ਅਕਤੂਬਰ 1970 ਤਕ ਤਕਰੀਬਨ ਪੰਜ ਮਹੀਨੇ ਇੱਥੇ ਹੀ ਪਰਿਵਾਰ ਸਮੇਤ ਰਹੇ, ਅਤੇ ਏਥੇ ਮਾਡਲ ਟਾਊਨ ਪਟਿਆਲਾ ਵਿਖੇ ਕੀਰਤਨ ਕਰਦੇ ਰਹੇ।

ਸਤੰਬਰ 1970 ਵਿੱਚ ਭਾਈ ਕਰਤਾਰ ਸਿੰਘ ਤਬਲੇ ਵਾਲੇ ਦੀ ਚਿੱਠੀ ਤਰਨ ਤਾਰਨ ਤੋਂ ਆਈ, ਕਿ ਭਾਈ ਕਰਮ ਸਿੰਘ ਜੀ ਬਹੁਤ ਦੇਰ ਹੋ ਗਈ ਹੈ, ਘਰ ਵੇਹਲੇ ਬੈਠਿਆਂ ਨੂੰ, ਤੇ ਹੁਣ ਆਪਾਂ ਨੂੰ ਕੋਈ ਉਪਰਾਲਾ ਕਰਨਾ ਚਾਹੀਦਾ ਹੈ, ਕਿਤੇ ਕੋਈ ਕੰਮ ਵੇਖੀਏ,

ਭਾਈ ਕਰਮ ਸਿੰਘ ਨੇ ਉੱਤਰ ਭੇਜਿਆ, ਕਿ ਤੁਸੀ ਪਟਿਆਲੇ ਮੇਰੇ ਪਾਸ ਆ ਜਾਓ, ਆਪਾਂ ਦੋਵੇਂ ਮਿਲ ਕੇ ਕੋਈ ਪ੍ਰੋਗਰਾਮ ਬਣਾ ਲਵਾਂਗੇ, ਤੇ ਭਾਈ ਕਰਤਾਰ ਸਿੰਘ  ਪਟਿਆਲੇ ਆ ਗਏ, ਤਾਂ ਭਾਈ ਕਰਮ ਸਿੰਘ ਤੇ ਕਰਤਾਰ ਸਿੰਘ ਦੋਵੇਂ ਪ੍ਰੋ: ਮੋਹਨ ਸਿੰਘ ਜੋ ਕੇ ਭਾਈ ਕਰਮ ਸਿੰਘ ਦੇ ਪਰਮ ਮਿੱਤਰ ਸਨ। ਉਹਨਾਂ ਨੂੰ ਜਾ ਕੇ ਮਿਲੇ, ਤੇ ਉਹਨਾਂ ਨੂੰ ਸਾਰੀ ਗੱਲ ਦੱਸੀ, ਕੇ ਬੜਾ ਚਿਰ ਹੋ ਗਿਆ ਹੈ ਵੇਹਲੇ ਬੈਠਿਆਂ ਨੂੰ,  ਇਸ ਲਈ ਕੋਈ ਪ੍ਰੋਗਰਾਮ ਬਣਾਈਏ, ਤੇ ਪ੍ਰੋ: ਮੋਹਨ ਸਿੰਘ ਨੇ ਕਿਹਾ ਕਿ ਚਲੋ ਮੈਨੂੰ ਵੀ ਦੋ ਮਹੀਨੇ ਦੀਆਂ ਛੁੱਟੀਆਂ ਹਨ, ਆਪਾਂ ਕਿਧਰੇ ਚੱਲਦੇ ਹਾਂ, ਤੇ ਮੋਹਨ ਸਿੰਘ ਨੇ ਕਿਹਾ ਕਿ ਚਲੋ ਆਪਾਂ ਪਹਿਲਾਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦਰਸ਼ਨ ਕਰ ਕੇ ਆਉਂਦੇ ਹਾਂ, ਫਿਰ ਕੁੱਝ ਸੋਚਾਂਗੇ।

ਇਹ ਤਿੰਨੇ ਸੱਜਣ ਗੁ: ਦੁਖ ਨਿਵਾਰਨ ਸਾਹਿਬ ਚਲੇ ਗਏ, ਤੇ ਜਦੋਂ ਇਹ ਜੋੜੇ ਖਾਨੇ ਵਿੱਚ ਜੋੜੇ ਲਾਹੁਣ ਗਏ ਤਾਂ ਉੱਥੇ ਭਾਈ ਬਖ਼ਸ਼ੀਸ਼ ਸਿੰਘ ਜੀ ਮਸ਼ਹੂਰ ਰਾਗੀ ਉੱਥੇ ਬੈਠੇ ਹੋਏ ਸਨ, ਤੇ ਉਹਨਾਂ ਨੇ ਪੁਛਿਆ

ਕਿ ਇਹ ਫੌਜਾਂ ਕਿਧਰ ਜਾ ਰਹੀਆਂ ਹਨ, ਤਾਂ ਭਾਈ ਮੋਹਨ ਸਿੰਘ ਨੇ ਕਹਿਆ ਕਿ ਅੰਦਰ ਨਮਸਕਾਰ ਕਰਨ ਜਾ ਰਹੇ ਹਾਂ, ਤੇ ਭਾਈ ਬਖ਼ਸ਼ੀਸ ਨੇ ਕਹਿਆ ਤੁਸੀ ਨਮਸਕਾਰ ਕਰ ਕੇ ਆਓ, ਮੈਂ ਏਥੇ ਬੈਠਾ ਹਾਂ, ਤੁਹਾਡੇ ਨਾਲ ਇੱਕ ਗੱਲ ਕਰਨੀ ਹੈ, ਤਾਂ ਇਹ ਤਿੰਨੇ ਸੱਜਣ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਮੱਥਾ ਟੇਕ ਕੇ ਬਾਹਰ ਆਏ, ਤਾਂ ਭਾਈ ਬਖ਼ਸ਼ੀਸ ਸਿੰਘ ਨੇ ਇਹਨਾਂ ਨੂੰ ਬੁਲਾ ਲਿਆ, ਤੇ ਕਹਿਣ ਲੱਗੇ ਕਿ ਤੁਸੀ ਮੇਰਾ ਇੱਕ ਕੰਮ ਕਰੋ, ਮੇਰੇ ਪਾਸ ਇੱਕ ਨੰਗਲ ਡੈਮ ਦਾ ਪ੍ਰੋਗਰਾਮ ਹੈ, ਪਰ ਮੈਂ ਉੱਥੇ ਜਾ ਨਹੀਂ ਸਕਦਾ, ਮੇਰੇ ਪਾਸ ਇੱਕ ਹੋਰ ਪ੍ਰੋਗਰਾਮ ਹੈ, ਤੇ ਤੁਸੀ ਉਹ ਮੇਰਾ ਪ੍ਰੋਗਰਾਮ ਭੁਗਤਾ ਆਉ, ਤਾਂ ਮੋਹਨ ਸਿੰਘ ਨੇ ਕਿਹਾ ਕਿ ਨੰਗਲ ਵਾਲੇ ਇਤਰਾਜ ਤਾਂ ਨਹੀਂ ਕਰਨਗੇ। ਤੇ ਭਾਈ ਬਖ਼ਸ਼ੀਸ ਕਹਿਣ ਲੱਗੇ ਮੈ ਭਾਈ ਕਰਮ ਸਿੰਘ ਨੂੰ ਸੁਣਿਆ ਹੋਇਆ ਹੈ, ਇਹ ਬਹੁਤ ਵਧੀਆ ਕੀਰਤਨੀਆ ਹੈ, ਇਹ ਮੇਰੀ ਇੱਜ਼ਤ ਰੱਖ ਲਏਗਾ, ਮਤਲਬ ਕਿ ਪਹਿਲੀ ਵਾਰ ਇੱਕ ਮਸ਼ਹੂਰ ਤੇ ਨਾਮੀ ਰਾਗੀ ਨੇ ਭਾਈ ਕਰਮ ਸਿੰਘ ਦੇ ਕੰਮ ਤੇ ਇਤਨਾ ਵੱਡਾ ਭਰੋਸਾ ਕੀਤਾ, ਤੇ ਉਹਨਾਂ ਨੂੰ ਆਪਣਾ ਪ੍ਰੋਗਰਾਮ ਦੇ ਦਿੱਤਾ।

ਨੰਗਲ ਵਾਲੇ ਪ੍ਰੋਗਰਾਮ ਵਿੱਚ ਹਾਲੇ ਇੱਕ ਹਫਤਾ ਬਾਕੀ ਸੀ ਤਾਂ ਇਹਨਾਂ ਤਿੰਨਾਂ ਨੇ ਇਹ ਸੋਚਿਆ ਕਿ ਚਲੋ ਉਸ ਤੋਂ ਪਹਿਲਾਂ ਚੰਡੀਗੜ੍ਹ ਚੱਲਦੇ ਹਾਂ ਕੁੱਝ ਦਿਨ ਉਥੇ ਲਾ ਕੇ ਫਿਰ ਉੱਥੋ ਹੀ ਨੰਗਲ ਚੱਲਾਂਗੇਂ, ਤਾਂ ਫਿਰ ਭਾਈ ਭਾਈ ਕਰਮ ਸਿੰਘ ਤੇ ਕਰਤਾਰ ਸਿੰਘ ਤੇ ਮੋਹਨ ਸਿੰਘ ਚੰਡੀਗੜ੍ਹ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ ਪਹੁੰਚ ਗਏ, ਤੇ ਵੇਖਣ ਵਾਲੀ ਗੱਲ ਇਹ ਸੀ, ਕਿ ਭਾਈ ਕਰਮ ਸਿੰਘ ਤੋਂ ਇਲਾਵਾ, ਬਾਕੀ ਦੋਨੋ ਸਾਥੀ ਤਬਲੇ ਵਾਲੇ ਹੀ ਸਨ, ਪ੍ਰੋ: ਮੋਹਨ ਸਿੰਘ ਵੀ ਤਬਲੇ ਵਾਲੇ ਤੇ ਭਾਈ ਕਰਤਾਰ ਸਿੰਘ ਵੀ ਤਲਬੇ ਵਾਲੇ।

ਜਦੋਂ ਇਹ ਤਿੰਨੋ ਸੱਜਣ ਗੁਰਦੁਆਰਾ ਸਿੰਘ ਸਭਾ ਚੰਡੀਗੜ੍ਹ ਪਹੁੰਚੇ ਤਾਂ ਉੱਥੇ ਭਾਈ ਹਰੀ ਸਿੰਘ ਗ੍ਰੰਥੀ ਸਨ, ਉਹਨਾਂ ਨੂੰ ਭਾਈ ਕਰਮ ਸਿੰਘ ਨੇ ਬੇਨਤੀ ਕੀਤੀ, ਕਿ ਭਾਈ ਸਾਹਿਬ ਜੀ ਅਸੀਂ ਕੀਰਤਨ ਦੀ ਹਾਜਰੀ ਇੱਕ ਦੋ ਦਿਨ ਭਰਨੀ ਹੈ, ਤਾਂ ਭਾਈ ਹਰੀ ਸਿੰਘ ਨੇ ਕਿਹਾ, ਭਾਈ ਸਾਹਿਬ ਜੀ ਹਾਜਰੀ ਤਾਂ ਬੇਸ਼ੱਕ ਭਰ ਲਵੋ ਪਰ ਭੇਟਾ ਵਗੈਰਾ ਦੀ ਆਸ ਨਾ ਰੱਖਿਆ ਜੇ, ਉਹ ਨਹੀਂ ਮਿਲਣੀ ਕਿਉਂਕਿ ਕਮੇਟੀ ਦੀ ਨਵੀਂ ਚੋਣ ਹੋ ਚੁੱਕੀ ਹੈ, ਇਸ ਲਈ ਨਾ ਤਾਂ ਪੁਰਾਣੀ ਕਮੇਟੀ ਆ ਰਹੀ ਹੈ ਤੇ ਨਾ ਹੀ ਨਵੀਂ ਕਮੇਟੀ ਆ ਰਹੀ ਹੈ, ਕਿਉਂਕਿ ਨਵੀਂ ਕਮੇਟੀ ਨੇ ਹਾਲੇ ਚਾਰਜ ਨਹੀਂ ਲਿਆ ਤੇ ਭਾਈ ਕਰਮ ਸਿੰਘ ਨੇ ਜਥੇ ਸਮੇਤ ਦੋ ਦਿਨ ਸਵੇਰ ਸ਼ਾਮ ਗੁਰਦੁਆਰਾ ਸਿੰਘ ਸਭਾ ਕੀਰਤਨ ਕੀਤਾ, ਤੇ ਭਾਈ ਕਰਮ ਸਿੰਘ ਦੇ ਨਾਲ ਪ੍ਰੋ: ਮੋਹਨ ਸਿੰਘ ਨੇ ਵਾਜੇ ਤੇ ਸਾਥ ਦਿੱਤਾ ਤੇ ਭਾਈ ਕਰਤਾਰ ਸਿੰਘ ਨੇ ਤਬਲੇ ਤੇ ਸਾਥ ਦਿੱਤਾ, ਤੇ ਜਦੋਂ ਭਾਈ ਹਰੀ ਸਿੰਘ ਨੇ ਇਹਨਾਂ ਨੂੰ ਵਿਦਿਆ ਕਰ ਦਿੱਤਾ, ਤਾਂ ਭਾਈ ਸਾਹਿਬ ਸੋਚਣ ਲੱਗ ਪਏ, ਕੇ ਹੁਣ ਕਿੱਥੇ ਜਾਈਏ, ਤਾਂ ਭਾਈ ਹਰੀ ਸਿੰਘ ਜੀ ਨੇ ਕਹਿਆ ਕਿ 22 ਸੈਕਟਰ ਵਿੱਚ ਵੀ ਗੁਰਦੁਆਰਾ ਹੈ, ਉਥੇ ਹਾਜ਼ਰੀ ਭਰ ਲਵੋ, ਤੇ ਇਹ ਜਥੇ ਸਮੇਤ ਤਿੰਨੇ 22 ਸੈਕਟਰ ਗੁਰਦੁਆਰਾ ਚਲੇ ਗਏ,

(ਚੱਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸ਼ਨ, ਨਵੀਂ ਦਿੱਲੀ 110041, ਮੋਬਾ : 09968231247**

# RAGAS FOR LATE WINTER

**Ustad A. Rashid Khan, 105, Hindustani singer extraordinaire, Padma Bhushan**
**DOLA MITRA ON USTAD ABDUL RASHID KHAN**

"When you are immersed in music, time goes by and you don't realise until later that you have been practicing for 10, 12, sometimes 14 hours. Likewise, I never consciously thought about the passing of years. So when it is pointed out to me that I am 105 years old, it doesn't feel any different than when I was 95 or 85 or 75." This is Hindustani classical vocalist of the Gwalior gharana, Ustad Abdul Rashid Khan, who won the Padma Bhushan this year and who turns 106 this August.

Sitting cross-legged on a carpet on the floor of his house inside the ITC Sangeet Research Academy (he has lived and taught here for nearly three decades), the maestro of Hindustani classical genres like khayal, dhrupad, dhamar and thumri exudes an aura of being at once grounded and detached. "But why did it take so long to recognise his talent? It should have come long ago. We are fortunate that he is 105 and is still with us to receive the honour," says Prasad Khaparde, a former disciple. But Khansaheb, as he is fondly called, is quite nonchalant. He is aware that the award is a big deal for many but for him "it is a piece of paper that I never missed...but I'm happy they thought of me".

Khansaheb belongs to a generation of musicians who imbibed the traditions of the gurukul, where the disciple sat at the feet of the master and had as much humility knocked into him/her as a sense of the ragas. He remembers that for three months he was only allowed to practise the first three notes—Sa, Re, Ga. He got so bored that one day when he thought his guruji was not listening, he went up to the next note, Ma. "I think guruji was in the next room. He suddenly rushed in and slapped me," he recalls. His master then made him practise the first three notes for three more months. In Khansaheb's case, his guruji of course was his father Chhote Yusuf Khan. His formal training began when he was eight with rigorous sessions, the riyaz starting at 7 in the evening and going on till 5 am next morning.

But it was not before he was 40 that his father allowed him to perform publicly. Again, it was the tradition of the times. So what does he think of today's myriad music competitions and talent hunt reality TV shows where even toddlers take part? "It was unthinkable in our time. But I have never questioned changes. I never resisted it." Perhaps the secret of his eternal youth (Khansaheb can easily pass off for a 60- or 70-year-old) is that he goes with the flow, but still holds his own. "My music is contained within the parameters laid down by generations. For instance, I believe in order for it to be called a raag it has to fit certain definitions. You have to follow certain rules and regulations," he says.

In life too, Ustadji is disciplined. He is up at five every morning to do the morning namaz. Then he reads the Quran. Next thing, believe it or not, is a hookah session. "This is when I compose my music in my head," he says. After this, he has a small breakfast of tea and three biscuits. Later, he writes down the music he has composed. Then his students start coming. All through the day he doesn't eat anything at all. At around 10 in the night he has a simple meal. "I like mutton but the doctor has advised against it. So I stick to chicken and the occasional fish."

Cogent and articulate, Ustad Abdul Rashid Khan is a devout Muslim. He was reading the namaz when his grandson (Ustadji now lives with his daughter and her son, Bilal Khan, who now accompanies him on the tabla) broke the news of the award to him. "I was so excited that I interrupted him," says Bilal, "but he told me to wait. It was only after the namaz was over that he asked what the excitement was all about." Ustadji has already gifted the award and the money to the Sangeet Research Academy. Will he able to travel to Delhi to receive the award? "Of course, I'm looking forward to it. I travel a lot for performances across the country." He occasionally uses the wheelchair, say, at airports to go from level to level. His wife, who was many years younger than him, passed away almost 30 years ago. Now it is Bilal who accompanies him on his travels as he is still quite active on the music circuit. Has he thought of retirement? "No. As long as I can sing and there are people to accompany me on the tanpura and tabla, nothing else matters," says Khansaheb.

## ਸੋਰਠ ਮਹਲਾ ੫

ਹਰਭਜਨ ਸਿੰਘ (ਮੋ: 9878636268)

ਥਾਟ : ਖਮਾਜ, ਦੋਵੇ ਨਿਸ਼ਾਦ ਵਾਦੀ ਸੰਵਾਦੀ ਰ/ਧ

ਆਰੋਹ : ਸ ਰ ਮ ਪ ਨ ਸੰ॥

ਅਵਰੋਹ : ਸੰ ਰੰ ਨੁ ਧ, ਮ ਪ ਧ ਮ(ਗ) ਰ ਨ਼ ਸ ॥

ਜਾਤੀ : ਐਡਵ- ਸੰਪੂਰਣ ਮੁੱਖ ਅੰਗ : ਸ ਰ, ਮ ਪ, ਨੁ ਧ, ਧ ਮ ਰੇ ਰ ਸ ॥

ਵਰਜਿਤ : ਗ ਤੇ ਧ ਆਰੋਹ ਵਿੱਚ

ਸਥਾਈ :- ਝਬ ਤਾਲ

| x | | 2 | | | 0 | | 3 | | | x | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਰ | ਰ | ਮ | - | - | ਪ | ਮ | ਪ | - | ਪ | ਮਪ | ਧ | ਮ | - | ਮ | ਗ | ਰ | ਗ | ਸ | - |
| ਉ | ਬ | ਰੇ | S | S | ਸ | ਤਿ | ਗੁ | S | ਰ | ਕੀS | S | ਸ | S | ਰ | ਣਾ | S | ਈ | S | S |
| ਮ | ਪ | ਨ | - | - | ਸੰ | ਨ | ਸੰ | - | ਰੰ | ਨੁ | ਧ | ਪ | - | ਧ | ਮ | ਗਾ | ਰਗ | ਨ਼ | ਸ |
| ਜਾ | ਛ | ਕੀ | S | S | ਸੇ | S | ਵ | S | ਨ | ਬਿ | ਰ | ਥੀ | S | S | ਜਾ | S | ਈ | S | S |
| ਅੰਤਰਾ | | | | | | | | | | | | | | | | | | | |
| ਮ | - | ਮ | - | ਮ | ਪ | ਪ | ਨ | - | ਨ | ਸੰ | - | ਸੰ | - | ਰੰ | ਨ | ਨ | ਸੰ | - | ਸੰ |
| ਸੂ | S | ਖ | S | ਮੰ | ਗ | ਲ | ਕ | S | ਲਿ | ਆ | S | ਣ | S | ਸ | ਹ | ਜ | ਧੁ | S | ਨਿ |
| ਰੰ | ਗੰ | ਨ | ਸੰ | - | ਨੁ | ਧ | ਪ | - | ਪ | ਮਪ | ਧ | ਮ | - | ਮ | ਰਗ | ਰਗ | ਨ਼ | ਸ | - |
| ਪ੍ਰ | ਭ | ਕੇ | S | S | ਚ | ਰ | ਨ | S | ਨਿ | ਹਾS | S | S | S | ਰਿ | ਆ | S | S | S | S |

### ਸ਼ਬਦ

ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥ ਰਾਖਨਹਾਰੇ ਰਾਖਿਓ ਬਾਰਿਕੁ ਸਤਿਗੁਰਿ ਤਾਪ ਉਤਾਰਿਆ॥੧॥ ਉਬਰੇ ਸਤਿਗੁਰ ਕੀ ਸਰਣਾਈ ॥ ਜਾ ਕੀ ਸੇਵ ਨ ਬਿਰਥੀ ਜਾਈ ॥ਰਹਾਉ॥ ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥ ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥

### ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਹੇ ਭਾਈ ਜੇਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਆ ਪਿਆ ਗੁਰੂ ਨੇ ਉਸ ਦਾ ਤਾਪ(ਦੁੱਖਕਲੇਸ਼) ਲਾਹ ਦਿੱਤਾ, ਰੱਖਿਆ ਕਰਨ ਦੀ ਸਮਰਥਾ ਵਾਲੇ ਗੁਰੂ ਨੇ ਉਸ ਬਾਲਕ ਨੂੰ (ਵਿਘਨਾਂ ਤੋਂ) ਬਚਾ ਲਿਆ ।ਗੁਰੂ ਦੀ ਸ਼ਰਨ ਪੈ ਕੇ ਜਿਸ ਮਨੁੱਖ ਨੇ ਪਰਮਾਤਮਾ ਦੇ ਚਰਨਾਂ ਦਾ ਦਰਸ਼ਨ ਕਰ ਲਿਆ, ਉਸ ਦੇ ਅੰਦਰ ਸੁਖ ਖੁਸ਼ੀ ਆਨੰਦ ਤੇ ਆਤਮਕ ਅਡੋਲਤਾ ਦੀ ਰੌ ਚੱਲ ਪਈ। ਹੇ ਭਾਈ ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸ ਦੇ ਹਿਰਦੇ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ,ਬਾਹਰ (ਦੁਨੀਆ ਨਾਲ ਵਰਤਣ ਵਿਹਾਰ ਕਰਦਿਆਂ) ਭੀ ਉਸਨੂੰ ਆਤਮਕ ਸੁਖ ਮਿਲਿਆ ਰਹਿੰਦਾ ਹੈ, ਉਸ ਉਤੇ ਪ੍ਰਭੂ ਸਦਾ ਦਇਆਵਾਨ ਰਹਿੰਦਾ ਹੈ। ਹੇ ਨਾਨਕ ਉਸ ਮਨੁੱਖ ਦੀ ਜ਼ਿੰਦਗੀ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ, ਉਸ ਉਤੇ ਪਰਮਾਤਮਾ ਕਿਰਪਾਲ ਹੋਇਆ ਰਹਿੰਦਾ ਹੈ।

Postal Regd. No. CH/0045/2015-2017 RNI Regd. No. 46788/89